# ਖ਼ੁਦਾ ਆਪਣੇ ਵਚਨ ਨੂੰ ਪੂਰਾ ਕਰਦਾ ਹੈ

...ਬੀਤਿਆਂ ਦਿਨਾਂ ਵਿਚ। ਮੈਂ ਉਨ੍ਹਾਂ ਲਈ ਧੰਨਵਾਦੀ ਹਾਂ ਜਿਸ ਨੇ ਮੇਰੇ ਆਉਣ ਤੇ ਇਸ ਨੂੰ ਗਾਉਣ ਲਈ ਯਤਨ ਕੀਤਾ। ਭੈਣ ਐਂਜੀ ਅਤੇ ਭੈਣ ਗ੍ਰੇਟੀ। ਪ੍ਰਭੂ ਉਨ੍ਹਾਂ ਨੂੰ ਆਸ਼ੀਸ਼ ਦੇਵੇ। ਜਦ ਮੈਂ ਉਹ ਗੀਤ ਸੁਣਦਾ ਹਾਂ, ਇਸ ਨਾਲ ਬਹੁਤ ਪਿੱਛਲੇ ਸਮੇਂ ਦੀ ਯਾਦ ਆਉਂਦੀ ਹੈ। ਥੋੜ੍ਹਾ ਸਮਾਂ ਡੇਰੇ ਨੂੰ ਛੱਡਣ ਤੋਂ ਪਹਿਲਾਂ, ਸਾਰੀ ਸਰਦੀ ਦੇ ਸਮੇਂ, ਪ੍ਰਭੂ ਯਿਸੂ ਦੇ ਪ੍ਰਕਾਸ਼ ਦੀ ਪੋਥੀ ਦੇ ਪ੍ਰਚਾਰਕ ਕਰਕੇ ਸਾਨੂੰ ਮਹਾਨ ਬੇਦਾਰੀ ਹਾਸਿਲ ਹੋਈ ਸੀ। ਅਤੇ ਮੈਂ...ਲਗਭਗ ਹਰੇਕ ਐਤਵਾਰ ਦੀ ਰਾਤ ਨੂੰ ਉਨ੍ਹਾਂ ਨੇ ਗੀਤ ਗਾਇਆ, *ਥੰਮੀ ਰੱਖੋ।* ਭੈਣ ਗ੍ਰੇਟੀ ਤੁਹਾਡਾ ਧੰਨਵਾਦ। ਅਤੇ ਮੈਂ ਪੱਕੇ ਤੌਰ ਤੇ ਖੁਸ਼ ਹਾਂ ਕਿ ਉਨ੍ਹਾਂ ਨੇ ਫਿਰ ਅੱਜ ਰਾਤ ਸਾਡੇ ਲਈ ਗਾਇਆ ਹੈ।

2 ਭੈਣ ਐਂਜੀ ਕਹਿ ਰਹੀ ਸੀ ਕਿ ਉਸ ਦੀ ਆਵਾਜ ਥੋੜ੍ਹੀ ਬੈਠੀ ਹੋਈ ਹੈ। ਖੈਰ ਉਦਾਸੀ ਮਹਿਸੂਸ ਨਾ ਕਰੋ। ਮੇਰੀ ਵੀ ਹੈ। ਪਰ, ਅੱਜ ਸਵੇਰ ਲਗਭਗ ਢਾਈ ਕੁ ਘੰਟੇ ਤੱਕ ਦੇ ਸੰਦੇਸ਼ ਦੇਣ ਤੇ ਪਰੇਸ਼ਾਨ ਕਰਦੇ ਹੋਏ...ਇਹ ਮੇਰਾ ਇੱਕ ਛੋਟਾ ਜਿਹਾ ਢੰਗ ਸੀ। ਇਸ ਲਈ ਮੈਂ ਬਾਹਰ ਨਿਕਲ ਗਿਆ, ਜਦੋਂ ਕਿ ਧਰਤੀ ਥੋੜ੍ਹੀ ਸਿਲ੍ਹੀ ਹੀ ਸੀ ਅਤੇ ਨਿਸੰਗ, ਇਸ ਤਰ੍ਹਾਂ ਮੈਂ ਕਰਦਾ ਹਾਂ।

3 ਬਸ ਮੈਂ ਵਚਨ ਨੂੰ ਪਿਆਰ ਕਰਦਾ ਹਾਂ। ਅਤੇ ਖਾਸ ਕਰ ਵਚਨ ਉੱਤੇ ਪਵਿੱਤਰ ਆਤਮਾ ਦੀ ਆਸ਼ੀਸ਼ ਨਾਲ ਅਤੇ ਜਦ ਉਹ ਆਸ਼ੀਸ਼ ਦਿੰਦਾ ਹੈ, ਅਤੇ ਮਦਦ ਕਰਦਾ ਹੈ। ਬਸ ਸਧਾਰਣ ਢੰਗ ਨਾਲ ਰੁਕਣ ਵਾਲੀ ਥਾਂ ਨੂੰ ਲਭ ਹੀ ਨਹੀ ਸਕਦਾ, ਇਸ ਲਈ ਤੁਹਾਨੂੰ ਪਤਾ ਹੈ ਇਹ ਕਿਸ ਤਰ੍ਹਾਂ ਹੁੰਦਾ ਹੈ। ਹੁਣ, ਹੋ ਸਕਦਾ ਹੈ ਅੱਜ ਰਾਤ ਐਨੇ ਲੰਬੇ ਸਮੇਂ ਲਈ ਨਹੀ ਹੋਵੇਗਾ, ਜੋ ਕਿ ਮੈਂ ਬੋਲਣਾ ਚਾਹੁੰਦਾ ਹਾਂ, ਕਿਉਂ ਜੋ ਥੋੜ੍ਹੀ ਕੁ ਆਵਾਜ ਬੈਠਣ ਕਰਕੇ, ਪਰ ਸਾਡੀਆਂ ਅਸੀਸ਼ਾਂ ਲਈ ਖੁਦਾ ਤੇ ਹੀ ਆਸਰਾ ਹੈ ਅਤੇ ਉਸ ਦੀ ਆਤਮਕ ਮਦਦ ਲਈ ਜੋ ਕਿ ਸਾਡਿਆਂ ਜੀਵਨਾਂ ਅੰਦਰ ਸਖਤ ਲੋੜੀਂਦੀਆਂ ਹਨ।

4 ਅਤੇ ਹੁਣ, ਜਿਸ ਤਰ੍ਹਾਂ ਭਾਈ ਨੇਵਲ ਐਲਾਨ ਕਰ ਚੁੱਕਿਆ ਹੈ, ਆਪਣੇ ਪ੍ਰੋਗ੍ਰਾਮ ਦਾ, ਸਗੋਂ ਆਪਣੇ ਪ੍ਰੋਗ੍ਰਾਮ ਬਾਰੇ। ਅਤੇ ਮੈਂ ਚਾਹੁੰਦਾ ਹਾਂ ਕਿ ਹਰੇਕ ਸੁਣਨ ਵਾਲਾ ਉਸ ਪ੍ਰੋਗ੍ਰਾਮ ਨੂੰ ਸੁਣੇਗਾ। ਹੁਣ, ਉਹ ਮੈਨੂੰ ਇਹ ਦੱਸਣ ਲਈ ਕਹਿੰਦਾ ਹੀ ਨਹੀ। ਪਰ ਮੈਂ ਕਦੇ ਪ੍ਰੋਗ੍ਰਾਮ ਨੂੰ ਸੁਨ ਕੇ ਐਨੀ ਆਸ਼ੀਸ਼ ਨਹੀ ਸੀ ਪਾਈ ਜਿੰਨੀ ਕੁ ਮੈਂ ਇਸ ਪਿਛਲੇ ਸ਼ਨੀਵਾਰ ਪਾਈ ਸੀ। ਕਿੰਨਿਆਂ ਨੇ ਉਹ ਸੰਦੇਸ਼ ਸੁਣਿਆ ਸੀ? ਉਹ ਤਾਂ ਇੱਕ ਸ੍ਰੇਸ਼ਟ ਰਚਨਾ ਸੀ।

5 ਅਤੇ ਮੈਂ ਭਾਈ ਲੀਓ ਨਾਲ ਜੋ ਰਿਕਾਰਡਿੰਗ ਲੈਂਦਾ ਹੈ, ਜੋ ਕੈਮਰੇ ਅੰਦਰ ਹੈ ਗੱਲ ਕਰ ਰਿਹਾ ਹਾਂ। ਅਤੇ ਇਸ ਨਾਲ ਉਹ ਦਾ ਇੰਨਾਂ ਹੋਸ਼ ਭੁੱਲ ਗਿਆ, ਉਹ ਨੂੰ ਪਤਾ ਲੱਗਾ...ਉਸ ਆਖਿਆ, "ਦੱਸੋ, ਇਹ ਪ੍ਰਚਾਰਕ ਕੋਣ ਹੈ?" ਉਸਨੇ ਰੇਡੀਓ ਚਲਾਇਆ ਹੋਇਆ ਸੀ। ਅਤੇ ਭਾਈ ਜੀਨ, ਜਾਂ ਉਨ੍ਹਾਂ ਵਿਚੋਂ ਕਿਸੇ ਨੇ ਦੱਸਿਆ, "ਇਹ ਭਾਈ ਨੇਵਲ ਹੈ। ਉਸ ਦੀ ਵਾਰੀ ਹੈ।" ਅਤੇ ਇਹ ਅਸਲ ਵਿਚ ਅਜੀਬ ਸੀ, ਸਿਰਫ ਐਨਾ ਹੀ ਨਹੀ ਪਰ ਹਰੇਕ ਇੱਕ।

6 ਮੈਂ ਤੁਹਾਨੂੰ ਭਾਈ ਨੇਵਲ ਨੂੰ ਸੁਣਨ ਲਈ ਪਿਆਰ ਕਰਨ ਦਾ ਕਾਰਨ ਦੱਸਦਾ ਹਾਂ। ਖਾਸ ਕਰਕੇ ਇਸ ਲਈ ਨਹੀ ਕਿਉਂ ਜੋ ਉਹ ਵਧੀਆ ਪ੍ਰਚਾਰਕ ਹੈ। ਪਰ ਮੈਂ ਜਾਣਦਾ ਹਾਂ ਕਿਉਂ ਜੋ ਉਹ ਪ੍ਰਚਾਰ ਕਰਦਾ ਹੈ ਉਸੇ ਤਰ੍ਹਾਂ ਚੱਲਦਾ ਹੈ। ਸਗੋਂ ਮੈਂ ਚਾਹਾਂਗਾ ਕਿ ਤੁਸੀਂ ਮੈਨੂੰ ਇੱਕ ਸੰਦੇਸ਼ ਪ੍ਰਚਾਰਨ ਦੇ ਥਾਂ ਤੇ ਉਸ ਤੇ ਚੱਲ ਕੇ ਵਿਖਾਓ। ਇਹ ਵੱਧ ਪ੍ਰਭਾਵ ਪਾਵੇਗਾ।

7 ਅਤੇ ਹੁਣ ਮੈਂ ਐਲਾਨ ਕੀਤਾ ਸੀ, ਕਿ ਮੈਂ ਅੱਜ ਰਾਤ ਕੁਝ ਇੱਕ ਮਿੰਟਾਂ ਲਈ *ਖੁਦਾ ਆਪਣੇ ਵਚਨ ਨੂੰ ਪੂਰਾ ਕਰਦਾ ਹੈ* ਤੇ ਬੋਲਣਾ ਚਾਹਾਂਗਾ।

8 ਅਤੇ ਇਸ ਸਵੇਰੇ, ਮੈਂ *ਮਸੀਹਤ ਦੀ ਨਕਲ* ਤੇ ਬੋਲ ਰਿਹਾ ਹਾਂ।

9 ਅਤੇ, ਹੁਣ, ਪ੍ਰਭੂ ਜਿਸ ਤਰ੍ਹਾਂ ਅਸੀਂ ਤੇਰਾ ਵਚਨ ਪੜ੍ਹਦੇ ਹਾਂ ਆਪਣੀ ਆਸ਼ੀਸ਼ ਭੇਜ। ਅਤੇ ਮੈਂ ਲਿਖਤੀ ਵਚਨ ਵਿਚੋਂ ਬਹੁਤ ਹਿੱਸਿਆਂ ਤੋਂ ਪੜਾਂਗਾ, ਘੱਟੋ-ਘੱਟ ਤਿੰਨ ਜਾਂ ਹੋਰ ਵੱਧ ਵੀ। ਕਿਉਂ ਜੋ ਇਸ ਬਾਰੇ ਅਸੀਂ ਗੱਲ ਕਰ ਰਹੇ ਹਾਂ। ਬਾਈਬਲ ਵਿੱਚ ਅੰਤਲੀ ਪੁਸਤਕ, ਪ੍ਰਕਾਸ਼ ਦੀ ਪੋਥੀ, ਬਾਈਬਲ ਲਿਖਤੀ ਢੰਗ ਤੇ ਪੂਰੀ ਹੋ ਜਾਣ ਤੋਂ ਬਾਅਦ...ਇਥੇ ਪ੍ਰਕਾਸ਼ ਪੋਥੀ 22 ਪਾਠ ਅਤੇ 17ਵੀ ਆਇਤ ਦੇ ਸ਼ੁਰੂ ਵਿੱਚ ਕਲੀਸਿਯਾ ਲਈ ਸੰਦੇਸ਼ ਸੀ।

> *ਅਤੇ ਆਤਮਾ ਅਤੇ ਲਾੜੀ ਆਖਦੀ ਹੈ, ਆਓ! ਅਤੇ ਜਿਹੜਾ ਸੁਣਦਾ ਹੋਵੇ ਉਹ ਕਹੇ ਆਓ। ਜਿਹੜਾ ਤਿਹਾਇਆ ਹੋਵੇ ਉਹ ਆਵੇ। ਜਿਹੜਾ ਚਾਹੇ ਅੰਮ੍ਰਿਤ ਜਲ ਮੁਫਤ ਲਵੇ।*
>
> *ਮੈਂ ਹਰ ਇੱਕ ਦੇ ਅੱਗੇ ਜਿਹੜਾ ਇਸ ਪੋਥੀ ਦੇ ਅਗੰਮ ਵਾਕ ਦੀਆਂ ਬਾਣੀਆਂ ਸੁਣਦਾ ਹੈ ਸਾਖੀ ਦਿੰਦਾ ਹਾਂ। ਜੇ ਕੋਈ ਇੰਨਾਂ ਵਿਚੋਂ ਕੁਝ ਵਧਾਵੇ ਤਾਂ ਉਹ ਬਵਾਂ ਜਿਹੜੀਆਂ ਇਸ ਪੋਥੀ ਵਿੱਚ ਲਿਖੀਆਂ ਹੋਈਆਂ ਹਨ ਪ੍ਰਮੇਸ਼ਵਰ ਉਸ ਉੱਤੇ ਵਧਾਵੇਗਾ।*
>
> *ਅਤੇ ਜੇ ਕੋਈ ਇਸ ਅਗੰਮ ਵਾਕ ਦੀਆਂ ਬਾਣੀਆਂ ਵਿਚੋਂ ਕੁਝ ਘਟਾਵੇ ਤਾਂ ਜੀਵਨ ਦੇ ਬਿਰਛ ਤੋਂ ਅਤੇ ਪਵਿੱਤਰ ਨਗਰੀ ਵਿਚੋਂ ਅਰਥਾਤ ਉਨ੍ਹਾਂ ਗੱਲਾਂ ਵਿਚੋਂ ਜਿਹੜੀਆਂ ਇਸ ਪੋਥੀ ਵਿੱਚ ਲਿਖੀਆਂ ਹੋਈਆਂ ਹਨ ਪ੍ਰਮੇਸ਼ਵਰ ਉਹ ਦਾ ਹਿੱਸਾ ਘਟਾਵੇਗਾ।*

*ਜਿਹੜਾ ਇਹਨਾਂ ਗੱਲਾਂ ਦੀ ਸਾਖੀ ਦਿੰਦਾ ਹੈ ਉਹ ਆਖਦਾ ਹੈ ਭਾਈ ਹਾਂ, ਮੈਂ ਛੇਤੀ ਆਉਂਦਾ ਹਾਂ। ਆਮੀਨ। ਹੇ ਪ੍ਰਭੂ ਯਿਸੂ ਆਓ।*

*ਪ੍ਰਭੂ ਜਿਸ ਦੀ ਕਿਰਪਾ ਸੰਤਾਂ ਦੇ ਉੱਤੇ ਹੋਵੇ। ਆਮੀਨ।*

10 ਅਤੇ ਫਿਰ ਸੰਤ ਯਹੁੰਨਾਂ ਵਿਚੋਂ, ਸੰਤ ਯਹੁੰਨਾ ਦਾ 12ਵਾਂ ਪਾਠ ਅਤੇ 39ਵੀ ਆਇਤ ਤੋਂ ਸ਼ੁਰੂ ਕਰਕੇ

*ਇਸ ਕਾਰਨ ਉਹ ਨਿਹਚਾ ਨਾ ਕਰ ਸਕੇ ਕਿਉਂ ਜੋ ਯਸਾਯਾਹ ਨੇ ਫਿਰ ਆਖਿਆ,*

*ਉਸ ਨੇ ਉਨ੍ਹਾਂ ਦੀਆਂ ਅੱਖਾਂ ਅੰਨੀਆਂ ਕਰ ਦਿੱਤੀਆਂ, ਅਤੇ ਉਹਨਾਂ ਦਾ ਦਿਲ ਕਠੋਰ ਕੀਤਾ ਹੈ। ਮਤੇ ਉਹ ਅੱਖਾਂ ਨਾਲ ਵੇਖਣ, ਅਤੇ ਮਨ ਨਾਲ ਸਮਝਣ ਅਤੇ ਮੁੜ ਆਉਣ, ਅਤੇ ਮੈਂ ਉਹਨਾਂ ਨੂੰ ਚੰਗਾ ਕਰਾਂ।*

11 ਅਤੇ ਫਿਰ ਸੰਤ ਮੱਤੀ ਵਿਚੋਂ 24 ਪਾਠ ਅਤੇ 35 ਆਇਤ ਵਿਚ ਯਿਸੂ ਆਖਦਾ ਹੈ।

*ਆਕਾਸ਼ ਅਤੇ ਧਰਤੀ ਤਲ ਜਾਂਣਗੇ ਪਰ ਮੇਰੇ ਵਚਨ ਕਦੇ ਨਾ ਟਲਣਗੇ।*

12 ਅਤੇ ਗਲਾਤੀਆਂ 1: 8 ਵਿਚੋਂ,

*...ਪਰ ਜੇ ਕਰ ਅਸੀਂ ਵੀ ਜਾਂ ਸੁਰਗ ਤੋਂ ਕੋਈ ਦੂਤ ਉਸ ਖੁਸ਼ਖਬਰੀ ਤੋਂ ਬਿਨਾਂ ਜਿਹੜੀ ਅਸੀਂ ਤੁਹਾਨੂੰ ਸੁਣਾਈ ਸੀ ਕੋਈ ਹੋਰ ਖੁਸ਼ ਖਬਰੀ ਤੁਹਾਨੂੰ ਸੁਣਾਵੇ ਤਾਂ ਉਹ ਸ਼ਰਾਪਤ ਹੋਵੇ।*

13 ਹੁਣ ਆਓ ਅਸੀਂ ਬਸ ਇੱਕ ਪਲ ਵਾਸਤੇ ਵਚਨ ਲਈ, ਪ੍ਰਾਰਥਨਾ ਦੇ ਲਈ ਆਪਣੇ ਸਿਰਾਂ ਨੂੰ ਝੁਕਾਈਏ।

14 ਸਾਡੇ ਪਿਤਾ, ਅਸੀਂ ਤੇਰੇ ਪਿਆਰੇ ਪੁੱਤਰ ਦੇ ਨਾਂ ਵਿੱਚ ਆਉਂਦੇ ਹਾਂ, ਜਿਸ ਨੇ ਸਾਨੂੰ ਆਉਣ ਲਈ ਕਹਿ ਛੱਡਿਆ ਹੈ, ਕਹਿੰਦੇ ਹੋਏ, "ਪਿਤਾ ਤੋਂ ਕੁਝ ਵੀ ਮੇਰੇ ਨਾਮ ਵਿਚ ਮੰਗੋ, ਮੈਂ ਦੇਵਾਂਗਾ।" ਇਸ ਲਈ ਅਸੀਂ ਆਉਂਦੇ ਹਾਂ, ਯਿਸੂ ਦੇ ਨਾਂ ਵਿਚ ਪਹਿਲਾਂ ਆਪਣੇ ਪਾਪਾਂ ਅਤੇ ਗਲਤੀਆਂ ਤੋਂ ਤੌਬਾ ਕਰਦੇ ਹਾਂ, ਅਤੇ ਤੈਥੋਂ ਮੰਗਦੇ ਹਾਂ ਕਿ ਸਾਨੂੰ ਸਾਡੀਆਂ ਸਾਰੀਆਂ ਭ੍ਰਿਸ਼ਟਤਾਈਆਂ ਤੋਂ ਸਾਫ਼ ਕਰ, ਅਤੇ ਸਾਡੇ ਉਨ੍ਹਾਂ ਵਿਚਾਰਾਂ ਤੋਂ ਜੋ ਅਸੀਂ ਉਨ੍ਹਾਂ ਗੱਲਾਂ ਬਾਰੇ ਜੋ ਠੀਕ ਹਨ ਕਰਦੇ ਹਾਂ, ਅਤੇ ਜੋ ਵਿਚਾਰ ਖੁਦਾ ਦੀ ਪਾਤਸ਼ਾਹੀ ਨਾਲ ਵਾਸਤਾ ਰੱਖਦੇ ਹਨ ਫੱਟਕ ਕੇ ਸਾਫ਼ ਕਰ। ਅਤੇ ਕਾਸ਼ ਕਿ ਸਾਡੇ ਵਿਚਾਰ ਅੱਜ ਰਾਤ ਜੋ ਖੁਦਾ ਦੀ ਪਾਤਸ਼ਾਹੀ ਦੇ ਵਧੀਆ ਵਿਚਾਰ ਹੋਣ, ਅਤੇ ਉਸ ਦੀ ਪਾਤਸ਼ਾਹੀ ਅੰਦਰਲੇ ਵਧੀਆ ਲੋਕਾਂ ਵਾਲੇ ਹੋਣ। ਅਤੇ ਸਾਡੇ ਦਿਲ ਕਾਸ਼ ਕਿ ਸਾਰੀਆਂ ਗਿਰੀਆਂ

ਚੀਜ਼ਾਂ ਤੋਂ ਸਾਫ਼ ਕੀਤੇ ਹੋਣ। ਸਾਡੀ ਇੱਛਿਆ ਤੇਰੇ ਸਨਮੁੱਖ ਸਾਫ਼ ਹੱਥਾਂ ਅਤੇ ਸਾਫ਼ ਦਿਲ ਨਾਲ ਠੀਕ ਚਾਲ ਚਲਣ ਦੀ ਹੈ। ਅਤੇ ਔਹ, ਸਿਰਫ ਖੁਦਾ ਹੀ ਕਰ ਸਕਦਾ ਹੈ।

15 ਅਤੇ ਪਿਤਾ ਸਾਡੀ ਬੇਨਤੀ ਹੈ, ਸਾਡੇ ਹੱਥਾਂ ਨੂੰ ਸਾਫ਼ ਕਰਨ ਅਤੇ ਸਾਡੇ ਦਿਲਾਂ ਨੂੰ ਪਵਿੱਤਰ ਕਰਨ ਲਈ ਵਚਨ ਨਾਲ ਸੰਸਾਰ ਦੀਆਂ ਚੀਜ਼ਾਂ ਤੋਂ ਵੱਖ ਕਰਨ ਵਾਲੇ ਪਾਣੀ ਨਾਲ ਸਾਫ਼ ਕਰ, ਅਤੇ ਕਾਸ਼ ਕਿ ਵਚਨ ਨਾਲ, ਤੂੰ ਆਖਿਆ ਹੈ, "ਤੁਸੀਂ ਵਚਨ ਨਾਲ ਸਾਫ਼ ਹੋ।" ਅਤੇ ਸਾਡੀ ਪ੍ਰਾਰਥਨਾ ਹੈ ਅੱਜ ਰਾਤ ਵਚਨ ਗਹਿਰੇ ਤੌਰ ਤੇ ਸਾਡੇ ਦਿਲ ਅੰਦਰੋ ਸਭ ਕੁਝ ਖੋਜ ਕਰੇ। ਅਤੇ ਸਾਨੂੰ ਹਰੇਕ ਬੇਪ੍ਰਤੀਤੀ ਤੋਂ ਸਾਫ਼ ਕਰੇ, ਕਾਸ਼ ਕਿ ਸਾਡੇ ਦਿਲ ਪਵਿੱਤਰ ਆਤਮਾ ਰਾਹੀਂ ਨਵੇਂ ਕੀਤੇ ਜਾਂ। ਅਤੇ ਕਾਸ਼ ਕਿ ਅੱਜ ਰਾਤ ਉਹ ਚੀਜ਼ਾਂ ਸਾਨੂੰ ਬਖਸ਼ੇ ਜੋ ਕਿ ਖੁਦਾ ਦੀ ਪਾਤਸ਼ਾਹੀ ਵਾਸਤੇ ਲਾਭ ਵਾਲੀਆਂ ਹਨ। ਪ੍ਰਭੂ, ਖੁਦਾ ਉਹਨਾਂ ਦੀ ਮਦਦ ਕਰ, ਜਿਨ੍ਹਾਂ ਨੂੰ ਨਿਸ਼ਚਾ ਲਿਆਉਣ ਵਾਸਤੇ ਕਮਜੋਰੀ, ਅਤੇ ਖੁਦਾ ਦੇ ਵਚਨ ਦੇ ਕਰਨ ਵਾਲੇ ਰਾਸਤੇ ਵਿਚ ਮੁਸ਼ਕਿਲ ਪੈ ਰਹੀ ਹੈ।

16 ਅਤੇ, ਹੇ ਖੁਦਾ ਇਸ ਹਨੇਰ ਦੇ ਦਗਾਬਾਜ ਸਮੇਂ ਅੰਦਰ ਅਸੀਂ ਰਹਿ ਰਹੇ ਹਾਂ, ਅਤੇ ਇਸ ਤਰ੍ਹਾਂ ਅਸੀਂ ਸੰਸਾਰ ਤੇ ਆਉਣ ਵਾਲੇ ਸੰਕਟ ਵੱਲ ਵੇਖ ਰਹੇ ਹਾਂ, ਅਸੀਂ ਅੱਗੇ ਆ ਰਹੇ ਹਨੇਰੇ ਨੂੰ ਵੀ ਵੇਖਦੇ ਹਾਂ। ਅਤੇ ਤੂੰ ਆਖਿਆ ਹੈ ਜਦ ਇਹ ਚੀਜ਼ਾਂ ਬਿਤਣੀਆਂ ਸ਼ੁਰੂ ਹੋਣ, "ਉੱਪਰ ਨੂੰ ਵੇਖਣਾ, ਇਸ ਲਈ ਜੋ ਸਾਡਾ ਛੁਟਕਾਰਾ ਨੇੜੇ ਆ ਪਹੁੰਚਾ ਹੈ।" ਕਾਸ਼ ਕਿ ਅੱਜ ਰਾਤ ਅਸੀਂ ਸਾਵਧਾਨ ਹੋਈਏ ਅਤੇ ਪਵਿੱਤਰ ਆਤਮਾ ਰਾਹੀਂ ਇਸ ਨੂੰ ਹਿਰਦੇ ਅੰਦਰ ਪਾ ਲਈ, ਖੁਦਾ ਦੇ ਅਸਮਾਨ ਵੱਲ ਉੱਪਰ ਨੂੰ ਝਾਤੀ ਮਾਰਨ ਲਈ, ਜਿਸ ਨੇ ਇਸ ਵੇਲੇ ਦੇ ਛੁਟਕਾਰੇ ਲਈ ਵਾਦਾ ਕੀਤਾ ਹੈ। ਜਿਸ ਤਰ੍ਹਾਂ ਯੂਹੰਨਾ ਨੇ ਟਾਪੂ ਵਿਚ ਬੇਨਤੀ ਕੀਤੀ ਸੀ, "ਹੇ ਪ੍ਰਭੂ, ਯਿਸੂ ਆਓ!"

17 ਅਤੇ ਸਾਡੀ ਪ੍ਰਾਰਥਨਾ ਹੈ ਕਿ ਅੱਜ ਰਾਤ ਨੂੰ ਸਾਨੂੰ ਇਹ ਚੀਜ਼ਾਂ ਬਖਸ਼ ਦੇਵੇਂਗਾ। ਅਤੇ ਉਨ੍ਹਾਂ ਸਭਨਾਂ ਨੂੰ ਜੋ ਰੋਗੀ ਅਤੇ ਮੰਦੇ ਹਨ ਸ਼ਿਫਾ ਦੇ। ਅਤੇ ਸੰਤਾਂ ਨੂੰ ਦਿਲਾਸਾ ਦੇ। ਪਾਪੀਆਂ ਨੂੰ ਤੌਬਾ ਲਈ ਬੁਲਾ। ਅਤੇ ਸਾਨੂੰ ਸਭਨਾਂ ਨੂੰ ਨਵਾਂ ਬਣਾ, ਕਿ ਅਸੀਂ ਇੱਥੋਂ ਖੁਦਾ ਦੇ ਪੂਰੇ ਹਥਿਆਰਾਂ ਨਾਲ ਜਾਈਏ, ਜਿਸ ਤਰ੍ਹਾਂ ਸਿਪਾਹੀ ਤਿਆਰੀ ਕਰਕੇ ਲੜਾਈ ਦੇ ਮੈਦਾਨ ਨੂੰ ਜੋ ਸਾਹਮਣੇ ਧਰਿਆ ਹੈ ਜਾਂਦਾ ਹੈ।

18 ਹੁਣ ਜਿਸ ਤਰ੍ਹਾਂ ਕਿ ਅਸੀਂ ਅੱਜ ਰਾਤ ਹਰੇਕ ਪ੍ਰਾਰਥਨਾ ਅੰਦਰ ਇਕੱਠੇ ਹੋਏ ਹਾਂ, ਅਤੇ ਝੰਡਾ ਸਾਡੇ ਉੱਪਰ ਲਹਿਰਾ ਰਿਹਾ ਹੈ, ਸੁਭਹ ਦਾ ਸਿਤਾਰਾ ਰਾਹ ਵਿਖਾ ਰਿਹਾ ਹੈ। ਅਤੇ ਵੈਰੀ ਦਾ ਦਲ ਵੀ ਛਾਉਣੀ ਲਾਏ ਹੋਏ ਹੈ, ਅਤੇ ਵੱਡਾ

ਲਲਕਾਰਨ ਵਾਲਾ ਬਾਹਰ ਨਿਕਲ ਕੇ ਵੱਡੀ ਸ਼ੇਖੀ ਮਾਰਦਾ ਅਤੇ ਇਹ ਕਹਿੰਦਾ ਹੈ, "ਇਹ ਅਜੀਬ ਕੰਮਾਂ ਦੇ ਦਿਨ ਬੀਤ ਚੁਕੇ ਹਨ।" ਪਰ, ਹੇ ਖ਼ੁਦਾ, ਸਾਡੇ ਵਾਸਤੇ ਇੱਕ ਦਾਊਦ ਖੜ੍ਹਾ ਕਰ, ਇੱਕ ਯੋਧਾ, ਇੱਕ ਲਲਕਾਰਨ ਵਾਲਾ। ਅਤੇ ਕਾਸ਼ ਕਿ ਉਹ ਆਤਮਾ ਹਰੇਕ ਦਿਲ ਅੰਦਰ ਪੂਰੀ ਤਰ੍ਹਾਂ ਵਾਸ ਕਰੇ। ਅਸੀਂ ਇਹ ਮਸੀਹ ਦੇ ਨਾਂ ਵਿੱਚ ਮੰਗਦੇ ਹਾਂ। ਆਮੀਨ।

19 ਇਸ ਬਹੁਤ ਮਹੱਤਵ ਪੂਰਨ ਵਿਸ਼ੇ ਤੇ ਪਹੁੰਚਣ ਲਈ, ਅਤੇ ਇਹ ਕਿਸੇ ਇੱਕ ਦੇ ਵਿਸ਼ਵਾਸ ਤੇ ਨਿਸ਼ਾਨਾ ਬੰਨ ਕੇ ਪਰੇਸ਼ਾਨ ਕਰਨ ਜਾਂ ਉਖੇੜਨ ਲਈ ਨਹੀ ਹੈ, ਜਾਂ ਵੈਰੀ ਬਣਾਉਣ ਲਈ ਨਹੀ ਹੈ। ਇਹ ਦਾ ਮਤਲਬ ਸਿਰਫ ਖ਼ੁਦਾ ਦੇ ਲੋਕਾਂ ਦੇ ਇਕੱਠੇ ਹੋ ਕੇ ਏਕਤਾ ਵਿੱਚ ਰਹਿਣ ਲਈ ਹੈ। ਅੱਜ ਰਾਤ ਡੇਰੇ ਦੇ ਲੋਕਾਂ ਨੂੰ ਇਸ ਦੇ ਵਿਸ਼ੇ ਤੇ ਬੋਲਣ ਲਈ ਚੁਣੇ ਜਾਣ ਦਾ ਕਾਰਨ, ਇਸ ਸਮੇਂ ਦੀ ਹਾਲਤ ਹੈ ਜਿਸ ਅੰਦਰ ਅਸੀਂ ਰਹਿ ਰਹੇ ਹਾਂ। ਮੇਰੀ-ਮੇਰੀ ਨਿਹਚਾ ਹੈ ਕਿ ਅਸੀਂ ਕਿਸੇ ਚੀਜ਼ ਦੇ ਸ਼ੁਰੁਆਤ ਵਿੱਚ ਹਾਂ ਜਿਸ ਬਾਰੇ ਸਾਰਾ ਸੰਸਾਰ ਉਸ ਘਟਨਾ ਦੇ ਬੀਤਣ ਦਾ ਨਿਸ਼ਾਨਾ ਬੰਨਣ ਬਾਰੇ ਸਾਵਧਾਨ ਹੈ। ਬਸ ਕੋਈ ਇੱਕ ਵੀ ਨਹੀ ਲੱਭਦਾ ਜੋ ਉਸ ਬਾਰੇ ਉਂਗਲ ਰੱਖ ਕੇ ਦੱਸਣ ਦੇ ਯੋਗ ਹੋਵੇ, ਪਰ ਫਿਰ ਵੀ ਅਸੀਂ ਜਾਣਦੇ ਹਾਂ ਕਿ ਕੋਈ ਘਟਨਾ ਹੋਣ ਲਈ ਨਿਸ਼ਾਨਾ ਬੰਨ ਰਹੀ ਹੈ ਇਹ ਸਿਰਫ ਇੱਥੇ ਹੀ ਨਹੀ ਹੈ। ਇਹ ਹਰੇਕ ਥਾਂ ਤੇ ਹੈ।

20 ਅਤੇ ਮੇਰਾ ਵਿਚਾਰ ਹੈ ਅੱਜ ਰਾਤ ਇਹ ਬਹੁਤ ਕਦਰ ਵਾਲੀ ਗੱਲ ਹੋਵੇਗੀ, ਜੇਕਰ ਅਸੀਂ ਇਸ ਸਮੇਂ ਦੀ ਵਰਤੋਂ ਕਰੀਏ, ਜਦ ਕਿ ਲੋਕ ਕਿਸੇ ਚੀਜ਼ ਬਾਰੇ ਜੋ ਬੇਹਦ ਮਹੱਤਵ ਪੂਰਨ ਹੋਵੇਗੀ ਉਸ ਤੇ ਬੋਲਣ ਬਾਰੇ ਇਕੱਠੇ ਹੋ ਰਹੇ ਹਨ ਕਿ ਤਲਖੀ ਨਾਲ ਸਾਨੂੰ ਸਮਝ ਕਰਾਉਣ ਲਈ ਉਭਰੇ, ਅਤੇ ਸਾਨੂੰ ਮਸੀਹ ਬਾਰੇ ਵਧੀਆ ਸਮਝ ਦਿਲਾਉਣ ਬਾਰੇ ਤਿਆਰ ਕਰਨ ਅਤੇ ਅੰਜੀਲ ਦੀ ਇਸ ਸਮੇਂ ਜਿਸ ਅੰਦਰ ਅਸੀਂ ਰਹਿ ਰਹੇ ਹਾਂ, ਸਮਝ ਕਰਾਉਣ।

21 ਹੁਣ, ਸ਼ੁਰੂ ਕਰਨ ਦੇ ਨਾਲ ਹੀ ਮੈਂ ਇਹ ਕਹਿਣਾ ਚਾਹਾਂਗਾ, ਬਹੁਤ ਸਮਾਂ ਨਹੀ ਹੋਇਆ ਮੈਂ ਇੱਕ ਲੂਥਰਨ ਸੈਮਨਰੀ ਵਿੱਚ ਸਾਂ। ਅਤੇ ਲੂਥਰਨ ਭਾਈਆਂ ਨੇ ਮੈਨੂੰ ਆਖਿਆ, ਮੈਨੂੰ ਉਨ੍ਹਾਂ ਨੇ ਇੱਕ ਸਖਤ ਨੁਕਤਾ ਚੀਨੀ ਪੱਤਰ ਲਿਖਿਆ ਸੀ, ਗਿਰਜੇ ਦੇ ਵੱਡੇ ਪਾਦਰੀ ਨੇ ਬੋਲਦੇ ਹੋਏ ਦੱਸਿਆ, ਮੇਰੇ ਬਾਰੇ ਆਖਿਆ ਕਿ ਮੇਰੇ ਅੰਦਰ ਇੱਕ ਫਾਲ ਪਾਉਣ ਵਾਲਾ ਆਤਮਾ ਹੈ। ਅਤੇ ਉਹ ਬਹੁਤ ਸ਼ੈਤਾਨੀ ਗੱਲਾਂ ਬੋਲੀਆਂ ਜਿਨ੍ਹਾਂ ਦਾ ਉਹ ਅਸਲ ਵਿੱਚ ਸਬੂਤ ਨਹੀ ਦੇ ਸਕਦੇ ਹਨ। ਕਿਉਂ ਜੋ ਮੈਂ ਆਖਿਆ ਸੀ, "ਸ਼ੈਤਾਨ ਸ਼ਿਫਾ ਨਹੀ ਦੇ ਸਕਦਾ ਹੈ।"

22 ਹੁਣ ਜੇ ਕਰ ਸ਼ੈਤਾਨ ਸ਼ਿਫਾ ਕਰ ਸਕਦਾ ਹੈ, ਤਾਂ ਉਹ ਰਚਨਹਾਰਾ ਹੈ ਅਤੇ ਰਚਨਹਾਰਾ ਸਿਰਫ ਇੱਕ ਹੀ ਹੈ, ਅਤੇ ਉਹ ਖ਼ੁਦਾ ਹੈ। ਸ਼ੈਤਾਨ ਚੀਜ਼ਾਂ ਰਚ ਨਹੀ

ਸਕਦਾ ਹੈ।

23 ਸ਼ੈਤਾਨ ਇੱਥੋਂ ਤੱਕ ਸਰਬਵਿਆਪਕ ਵੀ ਨਹੀ ਹੈ। ਉਹ ਸਿਰਫ ਇੱਕ ਸਥਾਨ ਤੇ ਇੱਕ ਸਮੇਂ ਹੀ ਹੋ ਸਕਦਾ ਹੈ, ਉਸ ਦੇ ਦੁਸ਼ਟ ਆਤਮੇ ਹਰੇਕ ਥਾਂ ਤੇ ਹਨ। ਪਰ ਖੁਦਾ ਇੱਕੋ ਸਮੇਂ ਹਰ ਥਾਂ ਤੇ ਹੈ। ਸ਼ੈਤਾਨ ਸਿਰਫ ਇੱਕ ਹੀ ਥਾਂ ਤੇ ਹੋ ਸਕਦਾ ਹੈ।

24 ਖੁਦਾ ਸਭ ਜਗ੍ਹਾ ਤੇ ਹੈ। ਸ਼ੈਤਾਨ ਕੋਲ ਕਿਸੇ ਇੱਕ ਹੱਦ ਤੱਕ ਤਾਕਤ ਹੈ, ਉਹ ਉੱਥੋਂ ਤੱਕ ਹੀ ਹੈ ਜਿਥੋਂ ਤੱਕ ਉਹ ਆਪਣਾ ਧੋਖਾ ਫੈਲਾ ਸਕਦਾ ਹੈ, ਅਤੇ ਜੋ ਕਾਨੂਨੀ ਗੱਲ ਉਸ ਕੋਲ ਹੈ, ਉਹ ਹੈ ਤੁਹਾਨੂੰ ਮੁੜ ਧਰਤੀ ਦੀ ਖਾਕ ਵਿਚ ਵਾਪਿਸ ਭੇਜ ਸਕਦਾ ਹੈ। ਬਸ ਉਹੀ ਗੱਲ ਹੈ ਜੋ ਉਸ ਕੋਲ ਹੈ। ਅਤੇ ਉਹ ਖੁਦਾ ਦੇ ਜਿਉਂਦੇ ਕਰਨ ਵਾਲੀ ਆਸ਼ੀਸ਼ ਦੇ ਵਾਦੇ ਤੱਕ ਹੀ ਹੁੰਦੀ ਹੈ।

25 ਇਸ ਲਈ, ਸਿਰਫ ਖੁਦਾ ਹੀ ਰਚਨਵਾਲਾ ਹੈ, ਅਤੇ ਸਿਰਫ ਖੁਦਾ ਹੀ ਇੱਕ ਇਕੱਲਾ ਹੈ ਜੋ (ਸੈਲ) ਜੀਵ ਪੈਦਾ ਕਰ ਸਕਦਾ ਹੈ। ਅਤੇ ਜੀਵ ਰਚਨਾ ਹਨ, ਅਤੇ ਰਚਨਾ ਸਿਰਫ ਖੁਦਾ ਰਾਹੀਂ ਹੁੰਦੀ ਹੈ। ਇਸ ਲਈ ਸਿਰਫ ਖੁਦਾ ਹੀ ਸ਼ਾਫੀ ਹੈ, ਅਤੇ ਹੋਰ ਕੋਈ ਸ਼ਫੀ ਨਹੀ ਹੈ ਪਰ ਰੱਬੀ ਸ਼ਿਫਾ ਹੀ ਹੈ।

26 ਸਾਡੇ ਕੋਲ ਮਸ਼ਹੂਰ ਡਾਕਟਰ ਹਨ ਜੋ ਇੱਕ ਹੱਡੀ ਨੂੰ ਠਿਕਾਣੇ ਤੇ ਰੱਖ ਸਕਦਾ ਹੈ, ਪਰ ਚੰਗਾ ਤਾਂ ਖੁਦਾ ਕਰਦਾ ਹੈ। ਸਾਡੇ ਕੋਲ ਡਾਕਟਰ ਹਨ ਜੋ ਅਪੈਨਡਿਕਸ (ਸੂਲ ਪੀੜ ਵਾਲੀ ਨਾੜ) ਨੂੰ ਕੱਟ ਸਕਦਾ ਹੈ, ਜਾਂ ਉਸ ਦਾ ਵਾਧਾ ਕੱਟ ਸਕਦਾ ਹੈ, ਜੋ ਕਿ ਕਰਨ ਲਈ ਚੰਗਾ ਕੰਮ ਹੁੰਦਾ ਹੈ। ਪਰ ਸ਼ਿਫਾ ਕੋਣ ਕਰਦਾ ਹੈ? ਖੁਦਾ ਚੰਗਾ ਕਰਦਾ ਹੈ, ਕਿਉਂ ਜੋ ਉਹੀ ਸਿਰਫ ਰਚਨ ਵਾਲਾ ਹੈ।

27 ਹੁਣ, ਉਸ ਨੇ ਆਖਿਆ, "ਸਾਡੀ ਲੁਥਰਨਾਂ ਦੀ ਕੀ ਗੱਲ ਹੈ? ਕੀ ਤੂੰ ਸਾਡੇ ਬਾਰੇ ਵਿਚਾਰਦਾ ਹੈਂ ਕਿ ਅਸੀਂ ਮਸੀਹੀ ਹਾਂ?"

28 ਮੈਂ ਆਖਿਆ, "ਪੱਕੇ ਤੌਰ ਨਾਲ।" ਮੈਂ ਦੱਸਿਆ, "ਖੁਦਾ ਦਾ ਰਾਜ ਇੱਕ ਮਨੁੱਖ ਵਰਗਾ ਹੈ ਜਿਸ ਨੇ ਆਪਣੇ ਖੇਤ ਵਿੱਚ ਬੀਜ ਬੀਜਿਆ ਅਤੇ ਇੱਕ ਸਵੇਰ ਨੂੰ, ਉਸ ਨੇ ਜਾ ਕੇ ਵੇਖਿਆ ਉਥੇ ਦੋ ਛੋਟੀਆਂ ਕੌਂਪਲਾਂ ਪਹਿਲੀ ਪੁੰਗਰਾਦ ਵਿੱਚ, ਫੁੱਟ ਨਿਕਲੀਆਂ ਅਤੇ ਕਿਸਾਨ ਨੇ ਆਖਿਆ, 'ਮੇਰੀ ਫਸਲ ਦੇ ਖੇਤ ਨੂੰ ਵੇਖੋ!' ਹੁਣ, ਕੀ ਦਾਣੇ ਉੱਗ ਆਏ ਸਨ? ਸੰਭਾਵੀ ਰੂਪ ਵਿੱਚ ਸਨ, ਪਰ ਅਜੇ ਸਿੱਟਾ ਨਹੀ ਸੀ"

29 ਹੁਣ, ਉਸੇ ਤਰ੍ਹਾਂ ਹੈ ਜੇਕਰ ਮੈਂ ਤੁਹਾਨੂੰ ਇੱਕ ਦਿੰਦਾ ਹਾਂ...ਤੁਸੀਂ ਮੇਰੇ ਕੋਲੋਂ ਇੱਕ ਬਲੂਤ ਦਾ ਰੁੱਖ ਮੰਗਦੇ ਹੋ, ਅਤੇ ਮੈਂ ਤੁਹਾਨੂੰ ਇੱਕ ਬੀਜ ਦੇ ਦਿੰਦਾ ਹਾਂ। ਸੰਭਾਵੀ ਰੂਪ ਵਿੱਚ, ਤੁਸੀਂ ਬਲੂਤ ਦਾ ਰੁੱਖ ਲੈ ਲੈਂਦੇ ਹੋ। ਕਿਉਂ ਜੋ ਬਲੂਤ ਦਾ ਰੁੱਖ ਉਸ ਦੇ ਬੀਜ ਵਿੱਚ ਹੈ। ਅਤੇ, ਫਿਰ, ਕਣਕ ਦੇ ਬੀਜ ਅੰਦਰ, ਤੁਹਾਡੇ ਕੋਲ

ਕਣਕ ਹੈ, ਪਰ ਤਾਂ ਵੀ ਸੰਭਾਵਕ ਢੰਗ ਨਾਲ ਹੈ। ਹੁਣ, ਕਿਸਾਨ ਆਖਦਾ ਹੈ, "ਮੇਰੇ ਦਾਣੇ ਦੇ ਖੇਤ ਵੱਲ ਵੇਖੋ, ਕੀ ਇਹ ਸੁੰਦਰ ਨਹੀ ਹੈ? ਮੇਰਾ ਆਨਾਜ!" ਉਹ ਇਸ ਨੂੰ ਦਾਣਾ ਆਖਦਾ ਹੈ, ਚਾਹੇ ਇਹ ਅਜੇ ਲਗਰ ਹੀ ਫੁੱਟ ਨਿਕਲੀ ਹੋਵੇ।

30 ਵਾਰੀ, ਵਾਰੀ ਉਹ ਦਾਣੇ ਦਾ ਡੰਠਲ ਇੱਕ ਬੂੰਬਲ ਬਣ ਕੇ ਵਧਣ ਲੱਗਦਾ ਹੈ। ਬੂੰਬਲ ਹੀ ਹੈ ਜਿਸ ਵਿਚੋਂ ਪਰਾਗ (ਫੁੱਲ ਦਾ ਤੱਤ) ਨਿਕਲਦਾ ਹੈ ਜਾਂ ਬੂੰਬਲ ਵਿਚੋਂ ਪਰਾਗ ਨਿਕਲਦਾ ਹੈ, ਜੋ ਕਿ ਬੀਜ ਦੀ ਨਸਲ ਨੂੰ ਪੈਦਾ ਕਰਦਾ ਹੈ, ਜੋ ਕਿ ਨਰ ਅਤੇ ਨਾਰੀ ਵਿਚਕਾਰ ਜਿਨਸ ਹੁੰਦੀ ਹੈ। ਹੁਣ, ਜੇ ਕਰ ਬੂੰਬਲ ਪਿਛਲੀ ਹਾਲਤ ਤੇ ਝਾਤੀ ਮਾਰ ਕੇ ਪੱਤੇ ਨੂੰ ਕਹੇ, "ਹੁਣ ਮੇਰਾ ਤੇਰੇ ਨਾਲ ਕੋਈ ਵਾਸਤਾ ਨਹੀ ਹੈ। ਤੂੰ ਤਾਂ ਤਸਵੀਰ ਵਿੱਚ ਵੀ ਨਹੀ ਹੈਂ। ਮੈਂ ਇੱਕ ਅੱਲਗ ਚੀਜ਼ ਹਾਂ। ਮੈਂ ਦੰਠਲ ਹਾਂ। ਮੈਂ ਉਹ ਹਾਂ ਜਿਸਦੀ ਪਹਿਚਾਨ ਹੈ। ਤੇਰਾ ਇਸ ਨਾਲ ਕੋਈ ਵਾਸਤਾ ਨਹੀ ਹੈ? ਪਰ, ਤਾਂ ਵੀ, ਪੱਤੇ ਤੋਂ ਬਿਨਾ ਦਾਣਾ ਪਰਾਗ ਨਹੀ ਫੁਟਾ ਸਕਦਾ, ਕਿਉਂ ਜੋ ਬੂੰਬਲ ਵਿਚੋਂ ਹੀ ਪੱਤਾ ਫੁੱਟਦਾ ਹੈ, ਅਤੇ ਇਸੇ ਵਿਚੋਂ ਹੀ ਸਿੱਟੇ ਨਿਕਲਦੇ ਹਨ। ਅਤੇ ਉਹੋ ਹੀ ਜੀਵਨ ਜੋ ਪੱਤੇ ਅੰਦਰ ਹੁੰਦਾ ਹੈ ਉਹੀ ਬੂੰਬਲ ਅੰਦਰ ਹੁੰਦਾ ਹੈ।

31 ਅਤੇ ਵਾਰੀ ਸਿਰ ਇੱਕ ਸਿੱਟਾ ਨਿਕਲ ਆਉਂਦਾ ਹੈ। ਅਤੇ ਸਿੱਟੇ ਦੇ ਲੱਗਣ ਤੇ ਦਾਣਾ ਪੈਂਦਾ ਹੈ ਫੇਰ, ਦਾਣਾ ਬੂੰਬਲ ਨੂੰ ਕਹਿੰਦਾ ਹੈ, "ਮੇਰਾ ਤੇਰੇ ਨਾਲ ਕੋਈ ਵਾਸਤਾ ਨਹੀ ਹੈ। ਤੇਰੀ ਕੋਈ ਕਦਰ ਨਹੀ ਹੈ।" ਪਰ ਜੇਕਰ ਇਹ ਬੂੰਬਲ ਨਾ ਹੁੰਦਾ, ਤਾਂ ਉਸ ਵਿੱਚ ਦਾਣਾ ਪੈਦਾ ਨਾ ਹੀ ਹੁੰਦਾ।

32 ਇਸ ਲਈ ਗੱਲ ਇਹ ਹੈ ਕਿ ਛੋਟਾ ਡੰਠਲ ਲੂਥਰ ਵਾਲੀ ਬੇਦਾਰੀ ਸੀ, ਅਤੇ ਬੂੰਬਲ ਮੈਥੋਡਿਸਟ ਵਾਲੀ ਬੇਦਾਰੀ ਸੀ, ਅਤੇ ਸਿੱਟੇ ਵਾਲੀ ਹੁਣ ਦੀ ਬੇਦਾਰੀ ਹੈ। ਪਰ, ਸਾਰੇ ਮਿਲ ਕੇ ਇੱਕੋ ਆਤਮਾ, ਇੱਕੋ ਜੀਵਨ ਹੈ ਜੋ ਦਾਣੇ ਦੇ ਛੋਟੇ ਡੰਠਲ ਵਿੱਚ ਸੀ ਸ਼ੁਰੁਆਤ ਅੰਦਰ ਜੋ ਜੀਵਨ ਦਾਣੇ ਅੰਦਰ ਹੈ ਇਹ ਉਹੀ ਜੀਵਨ ਹੈ।

33 ਹੁਣ ਸਿਰਫ ਇੱਕ ਗੱਲ ਜੋ ਪੈਂਤੀਕਾਸਤਲ ਹਨ…ਮੇਰਾ ਮਤਲਬ ਅਸਲੀ ਪੈਂਤੀਕਾਸਤਲ ਤੋਂ ਹੈ ਨਾ ਕੇ- ਵਿਖਾਵੇ ਦੇ। ਪਰ ਅਸਲੀ ਪੈਂਤੀਕਾਸਤਲ ਦਾ ਸੰਦੇਸ਼ ਉਸੇ ਚੀਜ਼ ਦੀ ਬਹਾਲੀ ਤੋਂ ਬਿਨਾਂ ਹੋਰ ਕੁਝ ਨਹੀ ਹੈ, ਜੋ ਧਰਤੀ ਅੰਦਰ ਦੱਬ ਗਈ ਸੀ ਉਹੋ ਜੋ ਲੁਥਰਾਂ, ਮੈਥੋਡਿਸਤਾਂ, ਬੈਪਤਿਸਤਾਂ, ਪ੍ਰੇਸਬਾਈਟੇਰਿਅਨਾਂ ਅੰਦਰ ਲਪੇਟੀ ਹੋਈ ਸੀ। ਮਝੇ? ਹੁਣ, ਇਹ ਇੱਕ ਸਿੱਟਾ ਬਣ ਕੇ ਨਿਕਲੀ ਹੈ। ਅਤੇ ਮੈਂ ਹੁਣ…

34 ਇਸ ਵਿਆਖਿਆ ਨੂੰ ਕਹਿਣ ਤੇ ਮੈਨੂੰ ਐਨੀ ਭੈੜੀ ਨਫਰਤ ਹੈ ਜਿੰਨੀ ਕੁ ਹੋਵੇ ਉੱਲੀ ਭਰੇ, ਖੁੰਬ ਦੀ ਛਤਰੀ ਵਾਂਗ ਇਸ ਬੂਟੇ ਤੇ ਕੁਝ ਫੁੱਲਾਂ ਪੱਤਿਆਂ ਦਾ ਉਗਣਾ ਅਤੇ ਉਸ ਤੇ ਵਧ ਗਏ ਹੋਣਾ। ਅਤੇ ਤੁਸੀਂ ਕਿਸਾਨੋ ਜਾਣਦੇ ਹੋ ਇਹ

ਕੀ ਹੁੰਦਾ ਹੈ। ਇਹ ਉਹ ਕੁਝ ਹੈ ਜੋ ਕਿ ਸਿੱਟੇ ਵਾਂਗੂ ਜਾਪਦਾ ਹੈ। ਹੁਣ, ਅੱਜ ਰਾਤ ਇਹੋ ਕੁਝ ਹੈ ਜਿਸ ਨੂੰ ਅਸੀਂ ਕੱਟਣਾ ਚਾਹੁੰਦੇ ਹਾਂ। ਕਿਉਂਕਿ, ਜੇਕਰ ਤੁਸੀਂ ਆਪਣੇ ਅਨਾਜ ਤੋਂ ਇਸ ਨੂੰ ਨਹੀ ਲਾਉਂਦੇ ਤਾਂ ਇਸ ਨਾਲ ਸਾਰਾ ਟੁਕੜਾ ਨਾਸ਼ ਹੋ ਜਾਏਗਾ।

35 ਇਸ ਲਈ, ਉਸ ਇੱਕ ਚੀਜ਼ ਨੂੰ ਮੈਂ ਸਪਸ਼ਟ ਕਰਨਾ ਚਾਹੁੰਦਾ ਹਾਂ, ਕਿ ਜੱਥੇਬੰਦਕ ਕਲੀਸਿਯਾ ਦੇ ਸਾਰੇ ਲੋਕ, ਜਿਸ ਤਰ੍ਹਾਂ ਕਿ ਮਹਾਨ ਸਮਿਆਂ ਵਿਚੋਂ ਲੰਘ ਕੇ ਇਹ ਸਿਆਣੇ ਹੋਏ ਹਨ। ਅਤੇ ਹੁਣ ਕਲੀਸਿਯਾ ਦਾਣੇ ਵਾਲੀ ਹਾਲਤ ਅੰਦਰ ਹੈ, ਅਤੇ ਇਸ ਨੇ ਉਸੇ ਤਰ੍ਹਾਂ ਦਾ ਅਨਾਜ ਪੈਦਾ ਕਰਨਾ ਹੈ ਜਿਸ ਤਰ੍ਹਾਂ ਦਾ ਧਰਤੀ ਅੰਦਰ ਚਲਾ ਗਿਆ ਸੀ। ਅਤੇ ਇਹ ਚਰਚ ਜਿਸ ਅੰਦਰ ਅਸੀਂ ਹੁਣ ਰਹਿ ਰਹੇ ਹਾਂ, ਬਸ ਇਹ ਤਾਂ ਪੂਰਾ ਵੱਧ ਚੁੱਕਿਆ ਹੈ। ਅਤੇ ਇਸ ਦਾ ਇੱਕ ਹਿੱਸਾ ਦੂਸਰੇ ਭਾਗ ਨੂੰ *ਇਸ* ਤਰ੍ਹਾਂ ਨਹੀ ਕਹਿ ਸਕਦਾ ਹੈ, ਅਤੇ ਉਹ ਆਪਣੇ ਦਿਨਾਂ ਅੰਦਰ ਠੀਕ ਰਹਿੰਦੇ ਸਨ। ਅਤੇ ਉਹ ਖੁਦਾ ਦੀ ਨਜਰ ਵਿੱਚ ਕਣਕ ਦਾ ਬੂਟਾ ਸਨ, ਇਸ ਲਈ ਅਸੀਂ ਕਿਸੇ ਇੱਕ ਨੂੰ ਤੁਛ ਨਹੀ ਕਰਨਾ ਚਾਹੁੰਦੇ ਹਾਂ।

36 ਪਰ ਅੱਜ ਕੁਝ ਸਿਖਿਆਵਾਂ ਦਿੱਤੀਆਂ ਗਈਆਂ ਹਨ, ਖਾਸ ਕਰ ਸਾਰੇ ਸੰਸਾਰ ਭਰ ਵਿੱਚ ਮਸ਼ਹੂਰ ਪ੍ਰਸਾਰਣ ਰਾਹੀਂ ਖੁਦਾ ਦੇ ਵਚਨ ਨੂੰ ਤੁਛ ਕਰਕੇ ਪੇਸ਼ ਕੀਤਾ ਗਿਆ ਹੈ, ਅਤੇ ਆਖਦੇ ਹਨ ਕਿ, "ਖੁਦਾ ਇੱਕ ਕਲੀਸਿਯਾ ਅੰਦਰ ਵਾਸ ਕਰਦਾ ਹੈ, ਅਤੇ ਵਚਨ ਅੰਦਰ ਨਹੀ ਹੈ।"

37 ਕੁਝ ਇੱਕ ਸਮਾਂ ਪਹਿਲਾਂ, ਮੈਂ ਇੱਕ ਮਸ਼ਹੂਰ ਬਾਈਬਲ ਅਧਿਆਪਕਾਂ ਨੂੰ ਇਹ ਕਹਿੰਦੇ ਸੁਣਿਆ, ਬੋਲੇ, "ਤੁਹਾਨੂੰ ਤੁਹਾਡੀ ਬਾਈਬਲ ਕਿਸ ਥਾਂ ਤੋਂ ਮਿਲੀ ਹੈ? ਮੈਂ ਮੰਨਦਾ ਹਾਂ ਕਿ ਇਹ ਖੁਦਾ ਸੀ ਜੋ ਆਸਮਾਨ ਅੰਦਰ ਨੀਅਤ ਨਾਲ ਤੁਹਾਡੇ ਵਾਸਤੇ ਤੁਹਾਨੂੰ ਦੇਣ ਲਈ ਇੱਕ ਬਾਈਬਲ ਲਿਖ ਰਿਹਾ ਸੀ, ਅਤੇ ਇਸ ਨੂੰ ਕੁਝ ਛੋਟੇ ਫਰਿਸ਼ਤਿਆਂ ਨੂੰ ਦਿੱਤੀ ਅਤੇ ਉਹ ਆਕਾਸ਼ ਦੇ ਲਾਂਘਿਆ ਵਿਚੋਂ ਦੀ ਲੰਘ ਕੇ ਹੇਠਾਂ ਆਏ ਅਤੇ ਤੁਹਾਨੂੰ ਦੇ ਦਿੱਤੀ।" ਅਤੇ ਆਖਿਆ, "ਕੋਈ ਇੱਕ ਵੀ ਬਾਈਬਲ ਦੀ ਸਿੱਖਿਆ ਅਨੁਸਾਰ ਜੀਵਨ ਨਹੀ ਬੀਤ ਸਕਿਆ। ਅਤੇ ਇਹ ਪੂਰੇ ਤੌਰ ਤੇ ਸਹੀ ਵੀ ਨਾ ਸੀ।" ਅਤੇ ਉਨ੍ਹਾਂ ਦਾ ਦਾਅਵਾ ਹੈ ਕਿ ਉਹ ਹੀ ਸ਼ੁਰੂਆਤ ਦੀ ਕਲੀਸਿਯਾ ਹਨ।

38 ਹੁਣ, ਉਹ ਲੋਕ, ਹੁਣ ਜੋ ਉਸ ਚਰਚ ਵਿੱਚ ਜਾਂਦੇ ਹਨ, ਸਾਡੇ ਵਰਗੇ ਹੀ ਆਦਮੀ ਔਰਤਾਂ ਹਨ, ਉਹ ਪਿਆਰ ਕਰਦੇ ਅਤੇ ਖਾਂਦੇ ਅਤੇ ਪੀਂਦੇ ਹਨ, ਕੀ ਇਸ ਨੂੰ ਬੰਦ ਕਰਨ ਦਾ ਕੋਈ ਰਾਹ ਹੈਗਾ? ਨਹੀ ਹੈ ਜਦ ਕਿ ਬਾਈਬਲ ਆਖਦੀ ਹੈ, ਇਹ ਇਸੇ ਤਰ੍ਹਾਂ ਹੀ ਹੋਣ ਜਾ ਰਿਹਾ ਹੈ, ਅਤੇ ਇਹ ਠੀਕ ਹੈ।

39 ਪਰ, ਤੁਹਾਨੂੰ ਹਿਮਤ ਦਿਲਾਉਣ ਲਈ ਕਿ ਮੈਂ ਆਪ ਨੂੰ ਸਪਸ਼ਟ ਅਤੇ ਸਹੀ ਰੱਖਣਾ ਚਾਹੁੰਦਾ ਹਾਂ। ਖੈਰ, ਮੇਰੀ ਨਿਹਚਾ ਹੈ ਕਿ *ਇਹ* ਖ਼ੁਦਾ ਦਾ ਪੂਰਨ ਅਤੇ ਅਟੱਲ ਖਾਲਸ ਵਚਨ ਹੈ ਜਿਸ ਵਿਚੋਂ ਨਾ ਕੁਝ ਕਢਿਆ ਅਤੇ ਨਾ ਹੀ ਮਿਲਾਇਆ ਜਾ ਸਕਦਾ ਹੈ। ਇਹ ਖ਼ੁਦਾ ਦੀ ਕਲੀਸਿਯਾ ਦਾ ਸੰਪੂਰਨ ਪ੍ਰੋਗਰਾਮ ਹੈ। "ਉਸ ਤੇ ਕੋਈ ਮਨੁੱਖ ਹੋਰ ਨੀਂਹ ਧਰ ਨਹੀ ਸਕਦਾ ਹੈ, ਪਰ ਉਹੋ ਹੀ ਜੋ ਪਹਿਲਾਂ ਹੀ ਰੱਖੀ ਜਾ ਚੁੱਕੀ ਹੈ।" ਤੁਸੀਂ ਇਸ ਨੂੰ ਸਮਝਦੇ ਹੋ? (ਸਭਾ ਆਖਦੀ ਹੈ, "ਆਮੀਨ।" — ਸੰਪਾਦਕ) ਇਹ ਕਾਰਨ ਹੈ ਕਿ ਮੈਂ ਖ਼ੁਦਾ ਦੇ ਵਚਨ ਦੇ ਨਾ ਫੇਲ ਹੋਣ ਵਾਲੀ ਹਾਲਤ ਵਿੱਚ ਨਿਹਚਾ ਕਰਦਾ ਹਾਂ। ਮੈਂ ਇਹਨਾਂ ਲੋਕਾਂ ਵਿਚੋਂ ਕਿਸੇ ਇੱਕ ਨੂੰ ਆਖਿਆ ਸੀ, "ਕਿਸ ਸਥਾਨ ਤੋਂ ਤੁਸੀਂ ਦੱਸਦੇ ਹੋ ਕਿ ਤੁਹਾਡਾ ਚਰਚ ਇਸ ਬਾਈਬਲ ਵਾਲਾ ਸੀ? ਤੁਹਾਡੇ ਚਰਚ ਨੇ ਬਾਈਬਲ ਲਿਖੀ ਹੈ?"

"ਹਾਂ, ਸਾਡੇ ਸੰਤਾਂ ਨੇ ਹੀ ਬਾਈਬਲ ਲਿਖੀ ਹੈ।"

40 ਮੈਂ ਆਖਿਆ, "ਫਿਰ ਇਹਨੂੰ ਇਸ ਤਰ੍ਹਾਂ ਕਿਉਂ ਲਿਆ ਗਿਆ ਹੈ, ਤੁਸੀਂ ਤਾਂ ਅੱਜ ਬਾਈਬਲ ਤੋਂ ਐਨੇ ਫਰਕ ਹੋ?"

41 "ਖੈਰ," ਉਸ ਆਖਿਆ, "ਤੁਸੀਂ ਸਮਝੋ, ਉਹ ਮਨੁੱਖ ਇੱਕ ਯੁੱਗ ਵਿੱਚ ਰਹਿੰਦੇ ਸਨ, ਅਸੀਂ ਕਿਸੇ ਦੂਸਰੇ ਯੁੱਗ ਅੰਦਰ ਰਹਿ ਰਹੇ ਹਾਂ।"

42 "ਪਰ," ਮੈਂ ਆਖਿਆ, "ਖ਼ੁਦਾ ਸਭ ਯੁੱਗਾਂ ਵਿੱਚ ਰਹਿੰਦਾ ਹੈ। ਅਤੇ ਬਾਈਬਲ, ਜੇ ਕਰ ਇਹ ਇਲਹਾਮੀ ਹੈ, ਇਸ ਨੂੰ ਅੱਟਲ ਖ਼ੁਦਾ ਨੇ ਲਿਖਿਆ ਹੈ। ਅਤੇ ਉਸ ਨੇ ਆਪਣੇ ਵਚਨ ਵਿਚ ਆਖਿਆ ਹੈ, ਕਿ ਆਕਾਸ਼ ਅਤੇ ਧਰਤੀ ਟਲ ਜਾਣਗੇ ਪਰ ਉਸ ਦੇ ਵਚਨ ਕਦੇ ਨਾ ਟਲਣਗੇ।"

43 ਹੁਣ ਇਹ ਉਸ ਆਦਮੀ ਨੂੰ ਸੁੱਚਜੇ ਢੰਗ ਨਾਲ ਜਗਾ ਦੇਣ ਲਈ ਹੈ ਜਿਸ ਨੇ ਕਦੇ ਵੀ ਇਹਨਾਂ ਚੀਜ਼ਾਂ ਦੇ ਨੇੜੇ ਅਪੜਨ ਨੂੰ ਵੇਖਣ ਬਾਰੇ ਨਹੀ ਸੋਚਿਆ। ਪਰ ਜੇਕਰ ਤੁਸੀਂ ਜਾਣਦੇ, ਇਹ ਕੇਵਲ ਵਚਨ ਦਾ ਪੂਰਾ ਹੋਣਾ ਹੈ। ਅਤੇ ਜਿੰਨਾਂ ਕੁ ਭੈੜੀ ਨਫਰਤ ਮੈਂ ਇਹ ਨੂੰ ਅਮਰੀਕਾ ਵਿੱਚ ਕਹਿਣ ਦੀ ਕਰਦਾ ਹਾਂ, ਅਤੇ ਸਾਡੀਆਂ ਖਿਆਲੀ ਗੱਲਾਂ ਜੋ ਅਸੀਂ ਨਾਮਧਾਰੀ ਧਰਮ ਦੀ ਲਹਿਰ ਅੰਦਰ ਅੱਜ ਧਾਰ ਲਈਆਂ ਹਨ। ਉਨ੍ਹਾਂ ਨੂੰ ਗਿਰਾ ਨਹੀ ਰਹੇ, ਖ਼ੁਦਾ ਦੇ ਲੋਕ ਉਨ੍ਹਾਂ ਵਿੱਚ ਰਹਿੰਦੇ ਹਨ, ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਹ ਕੰਮ ਅਮਰੀਕਾ ਵਿੱਚ ਆ ਚੁੱਕਾ ਹੈ, ਜਿਸ ਨੇ ਕੈਥੋਲਿਕ ਅਤੇ ਪ੍ਰੋਟੇਸਟੇਂਟ ਦੋਨਾਂ ਨੂੰ ਖ਼ੁਦਾ ਦੇ ਵਚਨ ਦੀ ਸਿਖਿਆ ਤੋਂ ਦੂਰ ਕਰ ਕੇ ਵੱਖਰਿਆਂ ਕਰ ਦਿੱਤਾ ਹੈ ਅਤੇ ਉਨ੍ਹਾਂ ਨੇ ਇੱਕ ਤਰੀਕਾ ਆਪਣਾ ਲਿਆ ਹੈ, ਅਤੇ ਇਹ ਤਰੀਕਾ ਇੱਕ ਹੁਸ਼ਿਆਰੀ ਦਾ ਹੈ ਜੋ ਕਿ ਵਚਨ ਦੀ ਥਾਂ ਤੇ ਮੋਹ ਲੈਣ ਨੂੰ ਪੇਸ਼ ਕਰਦਾ ਹੈ। ਅਤੇ ਅਮਰੀਕਾ

ਦੇ ਲੋਕ ਭੜਕ ਪਿੱਛੇ ਗਿਰਦੇ ਹਨ। ਅਮਰੀਕਾ ਦੇ ਲੋਕ ਔਰਤਾਂ ਦੀ ਪੂਜਾ ਦਾ ਸਥਾਨ ਬਣ ਚੁੱਕੇ ਹਨ।

44 ਔਰਤਾਂ ਦਾ ਮੈਂ ਬਹੁਤ ਡਾਢਾ ਆਦਰ ਕਰਦਾ ਹਾਂ। ਮੇਰੀ ਮਾਂ ਵੀ ਇੱਕ ਔਰਤ ਹੈ, ਮੇਰੀ ਪਤਨੀ ਵੀ ਅਤੇ ਮੇਰੀਆਂ ਨੌਜਵਾਨ ਲੜਕੀਆਂ ਹਨ। ਅਤੇ ਇੱਕ ਔਰਤ ਜੋ ਆਪਣੇ ਥਾਂ ਤੇ ਟਿਕੀ ਰਹਿੰਦੀ ਹੈ, ਅਤੇ ਇੱਕ ਬੀਬੀ ਨੂੰ ਛਡ ਕੇ ਜੋ ਕਿ ਅਸਲ ਵਿੱਚ ਔਰਤ ਹੈ, ਮੁਕਤੀ ਨਾਲੋ ਹੋਰ ਵੱਧ ਕੇ ਕੋਈ ਗੱਲ ਸਾਡੇ ਰਾਸ਼ਟਰ ਵਾਸਤੇ ਵਧੀਆ ਨਹੀ ਹੈ।

45 ਪਰ ਜਦ ਇਹ ਗੱਲ ਔਰਤਾਂ ਨੂੰ ਪੂਜਨ ਵਾਲੇ ਥਾਂ ਆ ਜਾਂਦੀ ਹੈ, ਤਦ ਤੁਸੀਂ ਬਾਈਬਲ ਦੀ ਯੋਜਨਾ ਤੋਂ ਬਾਹਰ ਹੋ ਜਾਂਦੇ ਹੋ ਬਾਈਬਲ ਅੰਦਰ ਇੱਕ ਔਰਤ ਨੂੰ ਪੂਜਨ ਦੀ ਕੋਈ ਯੋਜਨਾ ਨਹੀ ਹੈ, ਇੱਕ ਮਰੀਅਮ ਜਾਂ ਇੱਕ ਸੰਤ ਸਿਸਲੀਆਂ ਨੂੰ ਵੀ ਪੂਜਨ ਦੀ ਵਚਨ ਅੰਦਰ ਇੱਕ ਵੀ ਇਸ ਲਈ ਨੁਕਤਾ ਨਹੀ ਹੈ, ਅਜਿਹਾ ਕਰਨਾ ਵਿਰੋਧਤਾ ਹੈ। ਫਿਰ ਇਹ ਕਿਉਂ ਸੀ, ਜੇਕਰ ਇਹ ਉਨ੍ਹਾਂ ਦਾ ਜੋ ਮਸੀਹ ਨਾਲ ਰਹਿੰਦੇ ਸਨ ਅਤੇ ਬਾਈਬਲ ਖੁਦਾ ਦੀ ਪ੍ਰੇਰਨਾ (ਇਲਹਾਮ) ਨਾਲ ਲਿਖੀ ਗਈ ਸੀ ਮੁਢ ਸੀ...ਕੀ ਤੁਸੀਂ ਸੋਚਦੇ ਹੋ ਕਿ ਮੈਂ ਇਹ ਦੇ ਥਾਂ ਤੇ ਕਿਸੇ ਹੋਰ ਆਦਮੀ ਦਾ ਵਚਨ ਲਵਾਂਗਾ? ਨਹੀ ਸ਼੍ਰੀਮਾਨ ਜੀ *ਇਹ* ਤਾਂ ਖੁਦਾ ਦਾ ਸਦੀਪਕ ਵਚਨ ਹੈ।

46 ਹੁਣ, ਉਹ ਸੇਵਾਦਾਰ ਜਾਂ ਪ੍ਰਚਾਰਕ ਜਿਸ ਨੇ ਮੇਰੇ ਨਾਲ ਗੱਲ ਕੀਤੀ ਉਸ ਆਖਿਆ, “ਖੁਦਾ ਆਪਣੀ ਕਲੀਸਿਯਾ ਅੰਦਰ ਹੈ।”

47 ਮੈਂ ਆਖਿਆ, “ਖੁਦਾ ਆਪਣੇ ਵਚਨ ਅੰਦਰ ਹੈ।” ਖੁਦਾ ਆਪਣੇ ਵਚਨ ਅੰਦਰ ਹੈ। ਬਾਈਬਲ ਨੇ ਆਖਿਆ ਹੈ, “ਆਦ ਵਿੱਚ ਸ਼ਬਦ ਸੀ ਅਰ ਸ਼ਬਦ ਪਰਮੇਸ਼ੁਰ ਦੇ ਸੰਗ ਸੀ ਅਤੇ ਸ਼ਬਦ ਪ੍ਰਮੇਸ਼ਵਰ ਸੀ, ਅਤੇ ਵਚਨ ਦੇਹਧਾਰੀ ਹੋ ਕੇ ਸਾਡੇ ਵਿੱਚ ਵਾਸ ਕੀਤਾ।” ਖੁਦਾ ਆਪਣੇ ਵਚਨ ਵਿੱਚ ਹੈ।

48 ਹੁਣ ਧਿਆਨ ਦਿਓ ਪੁਰਾਣੇ ਨੇਮ ਅੰਦਰ, ਉਨ੍ਹਾਂ ਕੋਲ ਇੱਕ ਸੰਦੇਸ਼ ਨੂੰ ਜਾਣਨ ਲਈ ਦੋ ਢੰਗ ਸਨ ਕਿ ਉਹ ਸੱਚਾ ਹੈ। ਜਦ ਇੱਕ ਨਬੀ ਅਗੰਮ ਵਾਕ ਕਰਦਾ, ਜਾਂ ਇੱਕ ਸਪਨਾ ਵੇਖਣ ਵਾਲਾ ਵੇਖਦਾ ਸੀ, ਉਹ ਉਸਨੂੰ ਹਾਰੂਨ ਦੀ ਛਾਤੀ ਤੇ ਲੱਗੀ ਪਲੇਟ ਦੇ ਸਾਹਮਣੇ ਜਾ ਕੇ ਦੱਸਦੇ ਸਨ। ਹਾਰੂਨ ਦੀ ਛਾਤੀ ਤੇ ਲੱਗੀ ਪਲੇਟ ਉੱਤੇ ਬਾਰਾਂ ਗੋਤਰਾਂ ਦੇ ਨਾਵਾਂ ਦੇ ਪੱਥਰ ਲੱਗੇ ਸਨ। ਉਹ ਉਸਨੂੰ ਛਾਤੀ ਤੇ ਬਨ੍ਹ ਕੇ ਪੇਸ਼ ਕਰਦਾ ਸੀ ਕਿ ਉਹ ਇਸਰਾਇਲ ਦੇ ਬਾਰਾਂ ਗੋਤਰਾਂ ਦਾ ਪ੍ਰਧਾਨ ਜਾਜਕ ਹੈ। ਅਤੇ ਜਦ ਉਹ ਇਸ ਸੁਪਨੇ ਨੂੰ ਭਾਲਦੇ ਜਾਂ ਦੱਸਦੇ ਸਨ, ਅਤੇ ਜੇਕਰ ਖੁਦਾ ਇਸ ਨੂੰ ਸੱਚਾ ਸਾਬਤ ਕਰਦਾ ਸੀ, ਤਾਂ ਉਸ ਉਰੀਮ-ਤੁੰਮੀਮ ਪੱਥਰ ਤੇ ਚਮਕ ਦਿੰਦੀ ਸੀ, ਅਤੇ ਸਬੂਤ ਹੁੰਦਾ ਸੀ ਕਿ ਸੰਦੇਸ਼ ਸੱਚਾ

ਸੀ। ਕੋਈ, ਕੋਈ ਮਾਮਲਾ ਹੀ ਨਹੀ ਚਾਹੇ ਇਹ ਕਿੰਨਾਂ ਕੁ ਠੀਕ ਅਤੇ ਸਮੇਂ ਨਾਲ ਢੁਕਵਾਂ ਵਿਖਾਈ ਦਿੰਦਾ ਹੋਵੇ, ਜੇਕਰ ਉਰੀਮ-ਤੁੰਮੀਮ ਉੱਪਰ ਆਤਮਾ ਚਾਨਣਾ ਨਾ ਚਮਕੇ, ਇਹ ਰੱਦ ਦਿੱਤਾ ਜਾਂਦਾ ਸੀ। ਕਿਉਂਕਿ ਖ਼ੁਦਾ ਇਸ ਅੰਦਰ ਨਹੀ ਸੀ।

49 ਅਤੇ ਮੈਂ ਆਖਦਾ ਹਾਂ, ਅੱਜ। ਔਹ, ਮੈਂ ਚਾਹੁੰਦਾ ਹਾਂ ਕਿ ਤੁਸੀਂ ਬੇਫਿਕਰ ਹੋ ਕੇ ਕੋਈ ਵੀ ਸੰਦੇਸ਼ ਸੁਣੋ, ਇਹ ਜਾਜਕ ਦਾ ਹੋਵੇ, ਪ੍ਰਚਾਰਕ ਵੱਲੋਂ, ਨਬੀ ਵੱਲੋਂ, ਕਿਸੇ ਹੋਰ ਵੱਲੋਂ ਵੀ ਹੋਵੇ, ਕਿਸੇ ਮਨੁੱਖ ਦਾ ਕੋਈ ਮਾਮਲਾ ਕਿੰਨਾ ਕੁ ਉਹ ਆਤਮਕ ਹੋਵੇ, ਉਹ ਦਾ ਦਫਤਰ ਕੁਝ ਵੀ ਹੈ, ਉਸ ਨੇ ਕੁਝ ਵੀ ਕੀਤਾ ਹੋਵੇ, ਚਾਹੇ ਉਸ ਦੇ ਮੁਰਦੇ ਜਿਉਂਦੇ ਕੀਤੇ ਹੋਣ, ਚਾਹੇ ਉਸ ਨੇ ਰੋਗੀ ਚੰਗੇ ਕੀਤੇ ਹੋਣ ਚਾਹੇ ਉਹ ਸੇਂਟਰਬਰੀ ਦਾ ਵੱਡਾ ਬਿਸ਼ਪ ਹੋਵੇ, ਭਾਵੇਂ ਉਹ ਰੋਮ ਦਾ ਪੋਪ ਹੋਵੇ, ਚਾਹੇ ਉਹ ਵੱਡੀ ਜਥੇਬੰਦੀ ਦਾ ਆਗੂ ਹੋਵੇ, ਮਾਮਲਾ ਹੈ ਹੀ ਨਹੀ ਚਾਹੇ ਉਹ ਕੇਡਾ ਆਤਮਕ ਹੋਵੇ, ਚਾਹੇ ਉਸ ਨੇ ਪਰਾਇਆ ਭਾਖਿਆ ਬੋਲੀਆਂ ਹੋਣ, ਚਾਹੇ ਉਸ ਨੇ ਆਤਮਾ ਨਾਲ ਭਰ ਕੇ ਨਾਚ ਕੀਤਾ ਹੋਵੇ ਚਾਹੇ ਉਸ ਨੇ ਅੰਜੀਲ ਦਾ ਸੁਸਮਾਚਾਰ ਪ੍ਰਚਾਰਿਆ ਹੋਵੇ, ਚਾਹੇ ਉਸ ਨੇ ਕੁਝ ਵੀ ਕੀਤਾ ਹੋਵੇ ਮਾਮਲਾ ਕੁਝ ਨਹੀ ਹੈ, ਜੇ ਕਰ ਉਸ ਦਾ ਸੰਦੇਸ਼ ਬਾਈਬਲ ਵਿਚੋਂ ਨਹੀ ਹੈ, ਤਾਂ ਇਹ ਗਲਤ ਹੈ। *ਇਹ* ਹੈ ਖ਼ੁਦਾ ਦਾ ਉਰੀਮ-ਤੁੰਮੀਮ।

50 ਜਦ ਬਾਈਬਲ ਸੰਪੂਰਨ ਹੋ ਗਈ ਸੀ, ਦੂਤ ਆਸਮਾਨ ਤੋਂ ਉਤਰਿਆ ਯੂਹੰਨਾ ਨਾਲ ਗੱਲਾਂ ਕਰ ਰਿਹਾ ਸੀ। ਫਿਰ ਯਿਸੂ ਨੇ ਆਪ ਆ ਕੇ ਆਖਿਆ, "ਮੈਂ ਯਿਸੂ ਨੇ ਇਹਨਾਂ ਗੱਲਾਂ ਦੀ ਸਾਖੀ ਦੇਣ ਲਈ ਆਪਣੇ ਦੂਤ ਨੇ ਭੇਜਿਆ ਸੀ। ਅਤੇ ਹੁਣ ਇਸ ਪੋਥੀ ਨੂੰ ਬੰਦ ਕਰ, ਪਰ ਇਸ ਤੇ ਮੋਹਰ ਨਾ ਲਾ। ਕਿਉਂ ਜੋ ਇਸ ਵਿਚੋਂ ਕੁਝ ਘਟਾਵੇ ਜਾਂ ਵਧਾਵੇ…" ਉਹ ਖ਼ੁਦਾ ਦਾ ਵਚਨ ਹੈ।

51 ਪੌਲੁਸ ਨੇ ਆਤਮਾ ਨਾਲ ਭਰ ਕੇ ਆਖਿਆ, "ਜੇਕਰ ਕੋਈ ਦੂਤ ਵੀ ਆਸਮਾਨ ਤੋਂ," ਇੱਕ ਵੱਡਾ ਬਿਸ਼ਪ ਵੀ ਨਹੀ, ਇੱਕ ਪੋਪ ਵੀ ਨਹੀਂ, ਇੱਕ ਕਾਰਡੀਨਲ ਵੀ ਨਹੀ, "ਜੇ ਕਰ ਕੋਈ ਦੂਤ ਵੀ ਆਕਾਸ਼ ਤੋਂ ਇਸ ਸੰਦੇਸ਼ ਨੂੰ ਜੋ ਇਥੇ ਹੈ ਛੱਡ ਕੇ ਕੋਈ ਹੋਰ ਦੂਸਰਾ ਸੰਦੇਸ਼ ਲਿਆਏ ਉਹ ਸਰਾਪਤ ਹੋਵੇ।" (ਭਾਈ ਬ੍ਰਾਨਹਮ ਤਿੰਨ ਵਾਰ ਮੰਚ ਤੇ ਖੜ੍ਹਾਕ ਕਰਦੇ ਹਨ-ਸੰਪਾਦਕ)

52 ਪਰ ਹੁਣ ਅਸੀਂ ਨਿਸ਼ਾਨਾ ਬੰਨ ਰਹੇ ਹਾਂ…ਜਿਵੇਂ ਕਈ ਸਾਲ ਪਹਿਲਾਂ ਮੈਂ ਪਵਿੱਤਰ ਆਤਮਾ ਰਾਹੀਂ ਤੁਹਾਨੂੰ ਹਮੇਸ਼ਾ ਦੱਸਿਆ ਹੈ। ਜਦ ਮਸੋਲੀਨੀ ਅਤੇ ਹਿਟਲਰ ਉੱਠਿਆ ਸੀ, ਮੈਂ ਦੱਸਿਆ ਸੀ, "ਇਹ ਸਭ ਢੇਰ ਹੋ ਜਾਣਗੇ। ਸਾਰੇ ਕੰਮ ਤੇ ਕੈਮੋਨਿਸ਼ਟ ਕਬਜਾ ਕਰੇਗਾ, ਅਤੇ ਇਹ ਉਤਰ ਦਿਸ਼ਾ ਵੱਲੋਂ ਆਏਗਾ।"

53 ਹੁਣ ਕਲੀਸਿਯਾ ਇਸ ਤੇ ਆਪਣੀ ਨਿਗਾਹ ਰੱਖ। ਸ਼ੈਤਾਨ ਇਸ ਵਿਦੇਸ਼ੀ ਮਿਸ਼ਨਾਂ ਨਾਲ ਸਬੰਧਿਤ ਧਰਮ ਪ੍ਰਚਾਰ ਸਭਾ ਨੂੰ ਲਿਆ ਰਿਹਾ ਹੈ ਅਤੇ ਇਹ ਨਹੀ- ਇਹ ਬਾਈਬਲ ਨਾਲ ਸੰਬੰਧਿਤ ਨਹੀ ਹੈ। ਇਹ ਕੰਮ ਤਾਂ ਉਹਨਾਂ ਲੋਕਾਂ ਦੇ ਦਿਮਾਗ ਨੂੰ ਗੜਬੜੀ ਵਿੱਚ ਪਾਉਣ ਦਾ ਹੈ ਜੋ ਆਤਮਕ ਨਹੀ ਹਨ, ਨਾ ਹੀ ਸਮਝਦਾਰ ਹਨ। ਅਤੇ ਅਸੀਂ ਇੱਕ ਵੱਡੀ ਮਹਿਮਾ ਵਾਲੇ ਦਿਨ ਵਿੱਚ ਰਹਿ ਰਹੇ ਹਾਂ ਜਿਸ ਵਿੱਚ ਕਦੇ ਕੋਈ ਰਿਹਾ ਹੋਵੇ। ਅਤੇ ਇਸ ਤਰ੍ਹਾਂ ਦਾ ਹੁੰਦਾ ਹੋਵੇ ਵੀ ਹਨੇਰੇ ਦੇ ਦਿਨ ਵਿੱਚ ਹਾਂ ਜੋ ਕਿ ਨਿਹਚਾਹੀਨਾਂ ਲਈ ਹੈ, ਉਹ ਉਨ੍ਹਾਂ... ਅਤੇ ਬਹੁਤ ਗੜਬੜ ਦਾ ਵੇਲਾ ਹੈ, ਇਹ ਉਹ ਹਨ ਜੋ ਜਾਣਦੇ ਨਹੀ ਹਨ। ਇਹ ਦਿਨ ਜਿਸ ਅੰਦਰ ਅਸੀਂ ਰਹਿ ਰਹੇ ਹਾਂ ਧਿਆਨ ਦੇਣ ਯੋਗ ਹੈ। ਅਤੇ ਕੇਡੀ ਇਹ ਇੱਕ ਜਾਨਣ ਵਾਲੀ ਹੈਰਾਨੀ ਦੀ ਗੱਲ ਹੈ ਕਿ ਤੁਹਾਡਾ ਲੰਗਰ ਹੁਣ ਤੁਹਾਨੂੰ ਸੰਭਾਲ ਰਿਹਾ ਹੈ, ਹੁਣ, ਅੱਜ ਜਦ ਕਿ ਅਸੀਂ ਹਨੇਰੇ ਦੇ ਬੁਰੇ ਸਮੇਂ ਵੱਲ ਪਹੁੰਚ ਰਹੇ ਹਾਂ।

54 ਹੁਣ, ਮੈਂ ਲੋਕਾਂ ਦੇ ਨਾਮ ਨਹੀ ਦੱਸਣਾ ਚਾਹੁੰਦਾ ਹਾਂ, ਪਰ ਹੁਣ ਮੈਂ ਕਿਸੇ ਇੱਕ ਦਾ ਨਾਮ ਦੱਸਣ ਲੱਗਾ ਹਾਂ। ਪਰ ਮੇਰੀ ਉਸ ਨੌਜਵਾਨ ਲਈ ਪ੍ਰਾਰਥਨਾ ਹੈ। ਅਤੇ ਮੈਂ ਹਰ ਸਮੇਂ ਉਸ ਲਈ ਪ੍ਰਾਰਥਨਾ ਕਰਦਾ ਹਾਂ। ਪਰ ਉਹ ਸ਼ੈਤਾਨ ਦੇ ਹੱਥਾਂ ਵਿੱਚ ਇੱਕ ਹਥਿਆਰ ਹੈ ਅਤੇ ਉਹ ਇਹ ਆਦਮੀ ਐਲਵਸ ਪ੍ਰੈਸਲੀ ਹੈ। ਲੋਕ ਜਾਜ ਸੰਗੀਤ ਦੀ ਇੱਕ ਤਰਜ ਜਾਂ ਹੁਲਾਰੇ ਵਾਲੇ ਜੰਗਲੀ ਨਾਚ ਕਰਨ ਵਾਲੇ ਹੋ ਗਏ ਹਨ, ਅਮਰੀਕਾ ਦੇ ਲੋਕ ਬਸ ਹੋ ਗਏ ਹਨ। ਅਤੇ ਉਹ ਉਸੇ ਹੀ ਆਤਮਾ ਰਾਹੀਂ ਕੋਸ਼ਿਸ਼ ਕਰ ਰਹੇ ਹਨ ਕਿ ਚਰਚ ਅੰਦਰ ਚੀਜ਼ਾਂ ਨੂੰ ਲੈ ਕੇ ਆਉਣ। ਮੈਂ ਚਰਚ ਵਾਲੇ ਸੰਗੀਤ ਨੂੰ ਪਸੰਦ ਕਰਦਾ ਹਾਂ ਜੋ ਸੰਗੀਤ ਚਰਚ ਵਾਂਗ ਵਜਾਇਆ ਗਿਆ ਹੋਵੇ। ਅਤੇ ਕਲੀਸਿਯਾ ਵਿੱਚ ਰੋਕ ਐਂਡ ਰੋਲ ਹੁਲਾਰੇ ਵਾਲਾ ਨਾਚ ਨਹੀ। ਪਰ ਜਦ ਉਹ ਅਜਿਹੀਆਂ ਆਤਮਾਵਾਂ ਪਾ ਲੈਂਦੇ ਹਨ। ਇਸ ਦੇ ਪਿੱਛੇ ਕੁਝ ਹੁੰਦਾ ਹੈ, ਅਤੇ ਸ਼ੈਤਾਨ ਆਪ ਲਲਕਾਰਨ ਲਈ ਬਾਹਰ ਨਿਕਲ ਆਉਂਦਾ ਹੈ।

55 ਅਤੇ ਇਹ ਇਸ ਵਿਚਾਰੇ ਲੜਕੇ ਨਾਲ ਇਸ ਤਰ੍ਹਾਂ ਹੋਇਆ, (ਮੁਨਹਰਫ਼) ਗਿਰੇ ਹੋਏ ਪੈਨਤੀਕਾਸਟਲ ਲੜਕੇ ਨੇ ਦੱਸਿਆ, ਕਿ ਇਹ ਕੰਬਣੀ ਨਾਲ ਝੱਟਕੇ-ਹੁਲਾਰੇ ਲੈਣ ਦਾ ਅਭਿਆਸ ਦਾ ਢੰਗ ਉਸ ਨੇ ਸਿਖਿਆ ਸੀ, "ਇਹ ਦੀ ਪਕੜ ਚਰਚ ਵਿਚੋਂ ਸਿੱਖੀ ਸੀ।" ਉਹ ਦਾ ਪਾਸਟਰ ਮੇਰਾ ਇੱਕ ਮਿੱਤਰ ਹੈ ਉਹੀ ਪਹਿਲੀ ਅਸੈਂਬਲੀ ਆਫ਼ ਗਾਡ ਦਾ ਮੈਂਬਰ ਹੈ ਜੋ, ਮੈਮਫਸ, ਟੀਨੀਜ਼ ਵਿੱਚ ਹੈ।

56 ਅਤੇ ਉਹ ਸ਼ੈਤਾਨ ਦਾ ਹਥਿਆਰ ਹੈ ਜੋ ਛੋਟੀ ਉਮਰ ਦੇ ਨੌਜਵਾਨਾਂ ਦੇ ਦਿਮਾਗ ਨੂੰ ਭਰਮਾਉਣ ਅਤੇ ਭ੍ਰਿਸ਼ਟ ਕਰਕੇ ਇੱਕ ਜਗ੍ਹਾ ਤੇ ਲਿਆਉਣ ਲਈ

ਹੈ ਜਦ...ਬਸ ਉਹਨਾਂ ਨੇ ਇੱਕ ਸਥਾਨ ਕਨਾਡਾ ਵਿਚ ਰੱਖ ਲਈ ਹੈ, ਮੈਂ ਸੋਚਦਾ ਹਾਂ ਉਸ ਦੇ ਕੁਝ ਦਿਨ ਉਥੇ ਰਹਿਣ ਤੋਂ ਬਾਅਦ, ਉਨ੍ਹਾਂ ਨੇ ਚੌਦਾਂ, ਨੌਜਵਾਨ ਲੋਕਾਂ ਨੂੰ ਪਾਗਲ ਅਨਾਥ ਆਸ਼ਰਮ ਵਿੱਚ ਭੇਜਿਆ। ਅਤੇ ਸਾਰੇ ਸੰਸਾਰ ਭਰ ਵਿੱਚ, ਲੋਕ ਜੰਗਲੀ, ਵਿਦਵਾਨਿਆਂ ਦੇ ਰਾਹ ਤੁਰ ਪਏ ਹਨ।

57 ਉਹਨਾਂ ਦੇ ਇਹ ਕਰਨ ਦਾ ਕਾਰਨ ਇਹ ਹੈ ਕਿਉਂਜੋ ਉਹ ਕੋਈ ਵਧੀਆ ਗੱਲ ਨਹੀ ਜਾਣਦੇ। ਔਹ, ਮੈਂ ਚਾਹੁੰਦਾ ਹਾਂ ਕਾਸ਼ ਕਿ ਉਹ ਪ੍ਰਭੂ ਯਿਸੂ ਨੂੰ ਜਾਣਦੇ, ਕਿੰਨਾਂ ਵਧੀਆ ਹੁੰਦਾ! ਮੈਂ ਦੋਸ਼ੀ ਨਹੀ ਠਹਿਰਾਉਂਦਾ, ਮੈਂ ਨਾਸ਼ਵਾਨ ਲਈ ਅਫਸੋਸ ਕਰਦਾ ਹਾਂ। ਇਸ ਦਿਨ ਅੰਦਰ ਜਿਸ ਵਿੱਚ ਅਸੀਂ ਰਹਿ ਰਹੇ ਹਾਂ ਇਹ ਕਦਰ ਵਾਲੀ ਗੱਲ ਨਾ ਹੋਵੇਗੀ ਜਦ ਕਿ ਚੀਜ਼ਾਂ ਉਸੇ ਤਰ੍ਹਾਂ ਬੀਤ ਰਹੀਆਂ ਹਨ ਜਿਸ ਤਰ੍ਹਾਂ ਦੀਆਂ ਉਹ ਹਨ...।

58 ਅਤੇ ਅਮਰੀਕਾ ਦਾ ਬੁੱਤ ਹਾਲੀਵੁੱਡ ਦੀ ਭੁਚਲਾਉਣ ਵਾਲੀ ਲੜਕੀ ਹੈ, ਉਹੀ ਸਾਰੇ ਅਮਰੀਕਾ ਦੀ ਚਹਿਲ ਕਦਮੀ ਨੂੰ ਸਥਾਪਿਤ ਕਰਦੀ ਹੈ। ਜਦ, ਉਸਨੂੰ ਲੋਫਰ ਪਹਿਰਾਵੇ ਪਹਿਨੇ ਆਉਣ ਦਿਓਗੇ ਤਾਂ ਅਮਰੀਕਾ ਅੰਦਰ ਹਰੇਕ ਔਰਤ ਉਸੇ ਵਰਗਾ ਫੈਸ਼ਨ ਕਰਕੇ ਦਿਖਾਵੇਗੀ।

59 ਇਹ ਮੇਰੇ ਦਿਲ ਲਈ ਇੱਕ ਦਰਦ ਸੀ, ਬਹੁਤ ਦੇਰ ਨਹੀ ਹੋਈ, ਰੋਮ ਵਿਚ ਹੋਣ ਤੇ ਕਿਸੇ ਦਿਨ ਜਦ ਰੋਮ ਦੀ ਅਖਬਾਰ ਤੇ ਇਸ ਔਰਤ ਨੂੰ (ਸੁਰਖੀ) ਮੁੱਖ ਲਾਈਨ ਵਿੱਚ ਪੇਸ਼ ਕੀਤਾ ਗਿਆ ਸੀ ਜੋ ਅਖਬਾਰ ਤੇ ਸੀ, ਹਾਲੀਵੁੱਡ ਵਿੱਚ ਇੱਕ ਬੱਚੇ ਨੂੰ ਜਨਮ ਦੇਣ ਵਾਲੀ ਸੀ, ਇੱਕ ਔਰਤ ਅਤੇ ਉਨ੍ਹਾਂ ਅਖਬਾਰ ਤੇ ਦੱਸਿਆ...ਜੋ ਕਿ, ਮੇਰਾ ਮਿੱਤਰ ਬਾਰੁਨਵੋਨ ਬਲੁਮਬਰਗ ਸੱਤ ਵੱਖ ਵੱਖ ਭਾਸ਼ਾਵਾਂ ਬੋਲ ਸਕਦਾ ਹੈ ਅਤੇ ਅਖਬਾਰ ਸਹੀ ਤਰ੍ਹਾਂ ਨਾਲ ਪੜ੍ਹ ਕੇ। ਉਸ ਦੱਸਿਆ, "ਹੋ ਸਕਦਾ ਹੈ ਉਹ ਅਮਰੀਕਾ ਦੀ ਦੇਵੀ ਹੁਵੇ, ਪਰ ਉਹ ਇੱਥੇ ਇੱਕ ਅਮਰੀਕਾ ਦੀ ਕੰਜਰੀ ਹੈ।" ਕਿਸ ਤਰ੍ਹਾਂ ਸ਼ਰਮ ਦੀ ਗੱਲ ਹੈ। ਹੁਣ ਉਨ੍ਹਾਂ ਕੋਲ ਬੀਤਨ ਵਾਲੀਆਂ ਅਜਿਹੀਆਂ ਚੀਜ਼ਾਂ ਹੋਣੀਆਂ ਹੀ ਸੀ ਜੋ ਇਸ ਸਮੇਂ ਦੇ ਦਿਨ ਨਾਲ ਮੁਕਾਬਲਾ ਕਰਨ।

60 ਇਹੀ ਕਾਰਨ ਹੈ ਕਿ ਇਹ ਚਰਚ ਮਰੀਅਮ ਦੀ ਪੂਜਾ ਕਰਦਾ ਆ ਰਿਹਾ ਹੈ, ਦੂਸਰੀਆਂ ਔਰਤਾਂ, ਅਤੇ ਚੀਜ਼ਾਂ ਦੀ। ਇਹ ਉਹੀ ਆਤਮਾ ਹੈ, ਇੱਕ ਧਾਰਮਿਕ ਮੁੱਖੀ ਰਾਹੀਂ ਕੰਮ ਕਰਦਾ ਹੈ। ਅਤੇ ਇਹੀ ਕਾਰਨ ਹੈ ਕਿ ਉਨ੍ਹਾਂ ਨੇ ਤੁਹਾਡਾ ਦਿਮਾਗ ਖੁਦਾ ਦੇ ਖਾਲਸ ਵਚਨ ਵੱਲੋਂ ਫੇਰ ਦੇਣਾ ਹੈ ਕਿ ਉਸ ਪ੍ਰਬੰਧ ਨੂੰ ਪੇਸ਼ ਕਰਨ। ਪੱਕੀ ਗੱਲ ਹੈ।

61 ਕੀ ਤੁਸੀਂ ਇਸ ਧੋਖੇ ਨੂੰ ਵੇਖਦੇ ਹੋ ਜਿਸ ਅੰਦਰ ਅਸੀਂ ਪਾਏ ਜਾ ਰਹੇ ਹਾਂ? ਕੀ ਤੁਸੀਂ ਅਮਰੀਕਾ ਦੇ ਨੌਜਵਾਨਾਂ ਦੀ ਹਾਲਤ ਨੂੰ ਵੇਖਦੇ ਹੋ ਜਿਸ ਅੰਦਰ ਉਹ

ਹਨ? ਉਹ ਕੱਲ ਦੇ ਆਉਣ ਵਾਲੇ ਆਦਮੀ ਅਤੇ ਔਰਤਾਂ ਹਨ। ਹੈਰਾਨੀ ਦੀ ਗੱਲ ਨਹੀ ਹੈ ਯਿਸੂ ਨੇ ਦੱਸਿਆ ਹੈ, "ਜੇਕਰ ਇਹ ਦਿਨ ਘਟਾਏ ਨਾ ਜਾਂਦੇ ਤਾਂ ਕੋਈ ਮਨੁੱਖ ਨਾ ਬਚਦਾ।" ਇਸ ਲਈ ਮੈਂ ਆਪਣੇ ਵਿਚਾਰਾਂ ਨੂੰ ਇਸ ਅਧਾਰ ਤੇ ਪੇਸ਼ ਕਰਦਾ ਹਾਂ, ਕਿ ਅਸੀਂ ਅੰਤਲੇ ਸਮੇਂ ਦੇ ਅੰਦਰ ਹਾਂ। ਪ੍ਰਭੂ ਯਿਸੂ ਮਸੀਹ ਛੇਤੀ ਆਏਗਾ।

62 ਪਰ, ਔਹ, ਕੀ ਤੁਸੀਂ ਇਸ ਦਿਨ ਦੇ ਆਤਮਾ ਨੂੰ ਵੇਖ ਸਕਦੇ ਹੋ? ਤੁਸੀਂ ਵਿਚਾਰੋ। ਤੁਸੀਂ ਵੇਖ ਸਕਦੇ ਹੋ ਕਿ ਕੀ ਬੀਤਿਆ ਹੈ? ਦਰਿੰਦੇ ਦਾ ਨਿਸ਼ਾਨ ਲਾਉਣ ਤੋਂ ਪਹਿਲਾਂ, ਅਤੇ ਵਚਨ ਨੂੰ ਪੂਰਾ ਕਰਨ ਲਈ ਆਉਣ ਵਾਲੇ ਡਾਢੇ ਘਾਤਕ ਹਮਲੇ ਤੋਂ ਪਹਿਲਾਂ ਲੋਕਾਂ ਨੂੰ ਧੱਕੇ ਨਾਲ ਮਨਾਉਣ ਤੋਂ ਬਾਅਦ ਬਸ ਜਿਸ ਤਰ੍ਹਾਂ ਦੂਸਰੇ ਦੇਸ਼ਾਂ ਵਿਚ ਹੁੰਦਾ ਹੈ, ਕਬਜੇ ਅੰਦਰ ਕਰ ਲੈਣ ਤੋਂ ਬਾਅਦ ਲੋਕਾਂ ਨੂੰ ਉਹ ਚੀਜਾਂ ਜਿਨ੍ਹਾਂ ਨੂੰ ਉਹ ਕਬੂਲ ਨਹੀ ਕਰਦੇ ਧੱਕੇ ਨਾਲ ਰਜਾਮੰਦ ਕਰਨ ਲਈ, ਕਸ਼ਟ ਕਾਲ ਨੂੰ ਵਜ੍ਹਾ ਬਣਾਉਣ ਅਤੇ ਭਾਈਚਾਰੇ ਵਿਚੋਂ ਛੇਕ ਦੇਣ ਵਾਲਾ ਡਾਢਾ ਹਮਲਾ ਆਉਣ ਬਾਰੇ ਸੋਚੋ। ਕੀ ਤੁਸੀਂ ਵੇਖ ਨਹੀ ਸਕਦੇ ਕਿ ਅਮਰੀਕਾ ਭੜਕ ਵਾਲੀ ਸ਼ਾਨ ਕਰਕੇ ਅਤੇ ਔਰਤਾਂ ਦੀ ਪੂਜਾ ਕਰਨ ਕਰਕੇ ਗਿਰ ਚੁੱਕਾ ਹੈ? ਅਤੇ ਸਿਲਾ ਇਹ ਹੈ ਸ਼ੈਤਾਨ ਸ਼ਰੀਰਿਕ ਵਰਤੋਂ ਵਿਹਾਰ ਦੇ ਖੇਤਰ ਅੰਦਰ ਇਸ ਨਾਲ ਖੁਦ ਕਿਸੇ ਹਾਲਤ ਨੂੰ ਪੇਸ਼ ਕਰਨ ਦਾ ਰਸਤਾ ਬਣਾ ਰਿਹਾ ਹੈ। ਆਮੀਨ। ਮੈਂ ਆਸ ਕਰਦਾ ਹਾਂ ਤੁਸੀਂ ਇਸ ਨੂੰ ਸਮਝ ਰਹੇ ਹੋ। ਇਸ ਵੱਲੋਂ ਸਪਸ਼ਟ ਤਰ੍ਹਾਂ ਵੇਖ ਰਹੇ ਹੋ। ਮੈਂ ਪ੍ਰਵਾਹ ਨਹੀ ਕਰਦਾ ਹਾਂ ਕਿ ਕਿੰਨੇ ਕੁ ਡੀ. ਡੀ. ਐਸ. ਪੀ. ਐਚ. ਡੀ. ਜਾਂ ਹੋਰ ਕੋਈ ਵੀ ਇਸ ਪਿੱਛੇ ਖੜੇ ਹੋਣ, ਇਹ ਝੂਠੀ ਹੀ ਹੈ।

63 "ਕਿਉਂ ਜੋ ਹਰੇਕ ਮਨੁੱਖ ਦਾ ਵਚਨ ਝੂਠਾ ਠਹਿਰੇ, ਪਰ ਮੇਰਾ ਸੱਚਾ," ਪ੍ਰਭੂ ਫਰਮਾਉਂਦਾ ਹੈ, "ਕਿਉਂ ਜੋ ਆਕਾਸ਼ ਅਤੇ ਧਰਤੀ ਟਲ ਜਾਣਗੇ ਪਰ ਮੇਰੇ ਵਚਨ ਕਦੇ ਨਹੀ ਟਲਣਗੇ।" ਖੁਦਾ ਦਾ ਸਦੀਪਕ ਵਚਨ ਚਾਹੁੰਦਾ ਹੈ ਕਿ ਮਨੁੱਖ ਨਵੇਂ ਸਿਰਿਓਂ ਜਨਮ ਲੈਣ! ਉਸ ਤੋਂ ਕੋਈ ਵੀ ਚੀਜ਼ ਘੱਟ ਹੈ, ਉਹ ਸਦਾ ਲਈ ਖਤਮ ਹਨ। ਮਾਮਲਾ ਹੀ ਨਹੀ ਤੁਸੀਂ ਕਿਸੇ ਵੀ ਚਰਚ ਨਾਲ ਵਾਸਤਾ ਰੱਖ ਦੇ ਹੋ ਅਤੇ ਤੁਹਾਡਾ ਨਾਮ ਕਿਸੇ ਥਾਂ ਤੇ ਵੀ ਹੋਵੇ, ਅਤੇ ਤੁਸਾਂ ਕੀ ਕੀਤਾ ਹੈ, ਇਹ ਗੁਆਚ ਚੁੱਕਾ ਹੈ। ਖੁਦਾ ਦਾ ਵਚਨ ਕਦੇ ਨਹੀ ਫੇਲ ਹੁੰਦਾ।

64 ਹੁਣ, ਇਹ ਤਾਂ ਰਹੀ ਗੱਲ ਐਨੀ। ਅਤੇ ਮੈਂ ਆਸ ਰੱਖਦਾ ਹਾਂ ਜਿਸ ਤਰ੍ਹਾਂ ਇਹ ਆਤਮਾ ਨਾਲ ਪੇਸ਼ ਕੀਤਾ ਗਿਆ ਹੈ ਤੁਸਾਂ ਉਸੇ ਪ੍ਰਕਾਰ ਪਾ ਲਿਆ ਹੈ। ਤੁਸੀਂ ਪਿਆਰੇ ਕੈਥੋਲਿਕ ਲੋਕੋ, ਮੈਂ ਤੁਹਾਨੂੰ ਘਟੀਆ ਨਹੀ ਬਣਾ ਰਿਹਾ ਹਾਂ। ਤੁਸੀਂ ਮੇਰੇ ਮਿੱਤਰ ਹੋ। ਅਤੇ ਜੇ ਕਰ ਤੁਸੀਂ ਉਸ ਉਦੇਸ਼ ਪਿੱਛੇ ਨਹੀ ਸੀ…

ਜੇਕਰ ਮੈਂ ਇੱਥੇ ਖੜ੍ਹੇ ਹੋ ਕੇ ਤੁਹਾਨੂੰ ਪਿੱਛਲੇ ਪਾਸਿਓਂ ਦੀ ਮਾਰਨ ਲੱਗਾ, ਤਾਂ ਮੈਨੂੰ ਚਾਹੀਦਾ ਹੈ ਕਿ ਮੈਂ ਤੌਬਾਗਾਹ ਤੇ ਜਾ ਕੇ ਆਪਣੇ ਦਿਲ ਨੂੰ ਖ਼ੁਦਾ ਨਾਲ ਠੀਕ ਕਰਾਂ। ਮੈਂ ਇੱਥੇ ਦੁਖੀ ਹਿਰਦੇ ਨਾਲ ਇਹ ਕਹਿਣ ਲਈ ਖੜ੍ਹਾ ਹਾਂ, ਪਰ ਵਚਨ ਵਾਲਾ ਆਤਮਾ ਜੋ ਮੈਨੂੰ ਨਿਗਾਹਬਾਨ ਠਹਿਰਾਇਆ ਹੈ ਉਸ ਦੇ ਝੁੰਡ ਨੂੰ ਗਰਮ ਕਰਨ ਲਈ ਉਕਸਾ ਰਿਹਾ ਹੈ।

65 ਅਤੇ ਇਹ ਮਹਾਨ ਯੋਜਨਾ ਨੂੰ ਵੇਖਣ ਲਈ ਜੋ ਸਾਡੇ ਰਾਸ਼ਟਰ ਅੰਦਰ ਬਾਈਬਲ ਦਾ ਸ਼ਬਦਾਂ ਦੇ ਤੌਰ ਤੇ ਮਜਾਕ ਬਣਾਇਆ ਜਾ ਰਿਹਾ ਹੈ ਦੱਸਿਆ ਗਿਆ ਸੀ, “ਕਿ ਇਹ ਚਿੱਕੜ ਨਾਲ ਲਥ-ਪਥ ਹੋਣ ਵਾਲਾ ਰਾਹ ਹੈ ਜਿਸ ਵਿਚੋਂ ਦੀ ਤੁਸੀਂ ਲੰਘ ਰਹੇ ਹੋ। ਇਸ ਅਨੁਸਾਰ ਇੱਕ ਵੀ ਨਹੀ ਚਲ ਸਕੇਗਾ।” ਜਿਵੇਂ ਵੀ ਸ਼ਰੀਰ ਦਾ ਵਾਸਤਾ ਹੁੰਦਾ ਹੈ, ਇਹ ਸਹੀ ਗੱਲ ਹੈ।

66 ਪਰ ਇੱਕ ਪਵਿੱਤਰ ਆਤਮਾ ਹੀ ਹੈ ਜੋ ਇੱਕ ਮਨੁੱਖ ਤੇ ਕਬਜਾ ਕਰਕੇ ਉਸ ਨੂੰ ਚਲਾਉਂਦਾ ਹੈ। ਕਾਸ਼ ਕਿ ਖ਼ੁਦਾ ਇਸ ਦੇ ਅਰਥ ਨੂੰ ਤੁਹਾਡੇ ਤੇ ਪ੍ਰਗਟ ਹੋਣ ਦੇਵੇ।

67 ਖ਼ੁਦਾ ਦਾ ਵਚਨ ਪਹਿਲਾ ਅਤੇ ਪਿੱਛਲਾ ਅਤੇ ਸਦੀਪਕ, ਯੁੱਗੋ ਯੁੱਗ ਹੈ। ਖ਼ੁਦਾ ਇੱਕ ਬਾਰ ਵਚਨ ਬੋਲਦਾ ਹੈ, ਇਹ ਕਦੇ ਬਦਲ ਨਹੀ ਸਕਦਾ ਹੈ। ਖ਼ੁਦਾ, ਨੇ ਸੰਸਾਰ ਦੀ ਨੀਂਹ ਧਰਨ ਤੋਂ ਪਹਿਲਾਂ, ਆਖਿਆ, “ਆਦਿ ਵਿੱਚ ਸ਼ਬਦ ਸੀ।” ਅਤੇ “ਵਚਨ” ਕੀ ਸੀ, ਇੱਕ ਬੋਲਿਆ ਵਿਚਾਰ ਹੈ। ਪਿਤਾ, ਖ਼ੁਦਾ ਨੇ ਮੁਕਤੀ ਦੇ ਪਲਾਨ ਨੂੰ ਵੇਖਦੇ ਹੋਏ, ਇਸ ਤੇ ਨਿਗਾਹ ਕਰ ਕੇ ਵੇਖਿਆ ਸ਼ੈਤਾਨ ਨੇ ਕੀ ਕਰ ਦਿੱਤਾ ਸੀ। ਅਤੇ ਉਸ ਸੋਚਿਆ, ਅਤੇ ਉਸ ਨੇ ਸਿਰਫ ਯੋਜਨਾ ਨੂੰ ਵੇਖਿਆ, ਹੁਣ ਤਾਂ ਇਹ ਇੱਕ ਵਿਚਾਰ ਹੈ। ਪਰ ਜਦ ਉਸ ਨੇ ਇਹ ਨੂੰ ਬੋਲ ਦਿੱਤਾ। ਇਹ ਇੱਕ ਵਚਨ ਬਣ ਗਿਆ। ਅਤੇ ਇੱਕ ਵਾਰ ਵਚਨ ਹੋਣ ਤੇ, ਇਹ ਕਦੇ ਫੇਲ ਨਹੀ ਹੁੰਦਾ ਉਸੇ ਤਰ੍ਹਾਂ ਉਸ ਦਾ ਵਚਨ ਫੇਲ ਨਹੀ ਹੋ ਸਕਦਾ ਹੈ। ਜਿਸ ਤਰ੍ਹਾਂ ਉਹ ਨਹੀ ਮਰਦਾ ਉਸੇ ਤਰ੍ਹਾਂ ਉਸ ਦਾ ਵਚਨ ਨਹੀ ਮਰ ਸਕਦਾ। ਉਸ ਦਾ ਵਚਨ। ਪੁਰਾਣੇ ਸਮੇਂ ਦੇ ਲੋਕਾਂ ਨੇ ਯੁੱਗਾਂ ਅੰਦਰ ਇਹੀ ਬਾਈਬਲ ਪੜ੍ਹੀ ਹੈ। ਜਦੋਂ ਦੀ ਵੀ ਇਹ ਲਿਖੀ ਗਈ ਹੈ ਇਸ ਨੇ ਸਭਾ ਨੂੰ ਮਸਹ ਕੀਤਾ ਹੈ।

68 ਮੈਂ ਤੁਹਾਨੂੰ ਇੱਕ ਪੱਤਰ ਲਿਖਿਆ, ਤੁਸੀਂ ਹੋ ਸਕਦਾ ਇਸ ਦੀ ਕਦਰ ਇਹ ਆਖਦੇ ਹੋਏ ਕਰੋ, “ਭਾਈ ਬ੍ਰਾਨਹਮ ਮੈਂ ਤੁਹਾਡੇ ਪੱਤਰ ਦੀ ਕਦਰ ਕਰਦਾ ਹਾਂ।” ਤੂੰ ਹੀ ਸਿਰਫ ਇੱਕ ਆਦਮੀ ਹੈਂ ਜੋ ਇਹ ਕੰਮ ਕਰਨ ਲਈ ਨਿਸ਼ਚਿਤ ਸੀ। ਕੁਝ ਇੱਕ ਸਮਾਂ ਬੀਤ ਜਾਣ ਤੋਂ ਬਾਅਦ ਇਹੀ ਪੱਤਰ ਬੇਕਾਰ ਹੋ ਜਾਏਗਾ, ਜਦ ਤਕ ਇਹ ਸਬੂਤ ਲਈ ਮੈਨੂੰ ਮੇਰੇ ਵਿਰੁੱਧ ਜਾਂ ਮੇਰੀ ਪੱਖ ਲਈ ਚਾਹੀਦਾ ਨਾ ਹੋਵੇ।

69 ਪਰ ਜੋ ਇੱਕ ਵਾਰ ਖੁਦਾ ਬੋਲ ਚੁੱਕਾ ਹੈ, ਇਹ ਸਾਰੀ ਮਨੁੱਖ ਜਾਤੀ ਲਈ ਹੁੰਦਾ ਹੈ। ਅਤੇ ਇਹ ਉਸੇ ਤਰ੍ਹਾਂ ਦਾ ਅੱਜ ਰਾਤ ਵੀ ਤਾਜਾ ਹੈ ਜਿਸ ਤਰ੍ਹਾਂ ਬੋਲਣ ਸਮੇਂ ਬੋਲਿਆ ਗਿਆ ਸੀ। ਖੁਦਾ ਬੋਲਿਆ ਅਤੇ ਆਖਿਆ, "ਮਸੀਹ ਜੋ ਮੇਮਨਾ ਹੈ ਧਰਤੀ ਦੀ ਨੀਂਹ ਧਰਨ ਦੇ ਮੁਢੋਂ ਹੀ ਕੋਹਿਆ ਗਿਆ ਸੀ।" ਜਦ ਖੁਦਾ ਨੇ ਆਪਣੀ ਯੋਜਨਾ ਅਤੇ ਦਿਮਾਗ ਰਾਹੀਂ ਇਹ ਬੋਲਿਆ, ਮਸੀਹ ਠੀਕ ਉਸੇ ਸਮੇਂ ਕੋਹਿਆ ਗਿਆ ਸੀ, ਚਾਹੇ ਅਸਲ ਵਿੱਚ ਚਾਰ ਹਜਾਰ ਸਾਲ ਬਾਅਦ ਤੱਕ ਕੋਹਿਆ ਨਹੀ ਸੀ ਗਿਆ। ਅਤੇ ਖੁਦਾ ਨੇ ਠੀਕ ਉਸੇ ਸਮੇਂ ਆਪਣੇ ਅਗੇਤਰੇ ਜਾਣਨ ਵਾਲੇ ਗਿਆਨ ਨਾਲ ਜਾਣ ਲਿਆ ਕਿ ਕੌਣ ਮੁਕਤੀ ਪਾਏਗਾ ਅਤੇ ਕੌਣ ਨਹੀ ਪਾਏਗਾ। ਅਤੇ ਉੱਥੇ ਹੀ ਸਾਡੇ ਨਾਮ ਲੇਲੇ ਦੇ ਜੀਵਨ ਦੀ ਪੋਥੀ ਵਿੱਚ ਲਿਖੇ ਗਏ ਸਨ। ਅਤੇ ਧਰਤੀ ਦੀ ਨੀਂਹ ਧਰਨ ਵੇਲੇ ਹੀ ਲੇਲੇ ਦੇ ਸਾਥੀ ਬਣ ਗਏ ਸਾਂ।

70 ਅਤੇ ਬਾਈਬਲ ਨੇ ਦੱਸਿਆ ਹੈ। ਅੰਤਲੇ ਦਿਨਾਂ ਅੰਦਰ...ਸੁਣੋ। "ਅਤੇ ਮਸੀਹ ਵਿਰੋਧੀ ਧਰਤੀ ਤੇ ਸਭ ਰਹਿਣ ਵਾਲਿਆਂ ਨੂੰ ਜਿਨ੍ਹਾਂ ਦੇ ਨਾਮ ਧਰਤੀ ਦੀ ਨੀਂਹ ਧਰਨ ਤੋਂ ਮੁਢੋਂ ਹੀ ਲੇਲੇ ਦੇ ਜੀਵਨ ਦੀ ਪੁਸਤਕ ਵਿੱਚ ਲਿਖੇ ਹੀ ਨਹੀ ਗਏ ਭਰਮਾਵੇਗਾ।" ਵਚਨ ਨਾਲ ਖੜ੍ਹੇ ਰਹੋ।

71 ਅਤੇ ਮੈਂ ਸਾਡੇ ਭਾਈਆਂ ਅੰਦਰ ਗੌਹ ਕਰਕੇ, ਮੈਂ ਇਹ ਆਦਰ ਸਾਹਿਤ ਪ੍ਰੋਟੇਸਟੇਂਟਾ ਨੂੰ ਆਖਦਾ ਹਾਂ, ਨਫਰਤ ਨਾਲ ਨਹੀ, ਨਾ ਹੀ ਖਾਰ ਨਾਲ ਕੁਝ ਵੀ ਕਹਿਣ ਨੂੰ ਨਹੀ ਹੈ। ਕਿਸੇ ਹੋਰ ਚੀਜ਼ ਬਾਰੇ ਬੋਲਣਾ ਆਸਾਨੀ ਨਾਲ ਲਭ ਲਿਆ ਜਾ ਸਕਦਾ ਹੈ। ਪਰ, ਮੈਂ ਉਹ ਨੂੰ ਜਾਣਦਾ ਹਾਂ।

72 ਅਤੇ ਬਾਈਬਲ ਨੇ ਦੱਸਿਆ ਹੈ, "ਰਾਖੇ, ਰਾਤ ਦੀ ਕੀ ਖਬਰ ਹੈ?" ਅਤੇ ਜੇਕਰ ਰਾਖਾ ਵੈਰੀ ਨੂੰ ਆਉਂਦੇ ਵੇਖਦਾ ਹੈ ਅਤੇ ਲੋਕਾਂ ਨੂੰ ਚੇਤਾਵਨੀ ਨਹੀ ਦਿੰਦਾ ਹੈ, ਖੁਦਾ ਨੇ ਆਖਿਆ, ਉਹ ਉਨ੍ਹਾਂ ਦੇ ਲਹੂ ਦਾ ਹਿਸਾਬ ਰਾਖੇ ਤੋਂ ਲਵੇਗਾ। ਪਰ ਜੇਕਰ ਰਾਖਾ ਚੇਤਾਵਨੀ ਦੇ ਦਿੰਦਾ ਹੈ ਤਾਂ ਉਹ ਬਰੀ ਹੈ।

73 ਇਸ ਲਈ ਮੈਂ ਜਰੂਰ ਚੇਤਾਵਨੀ ਦਿੰਦਾ ਹਾਂ। ਅਤੇ ਮੈਂ ਆਪਣੇ ਪ੍ਰੋਟੇਸਟੈਂਟਾਂ ਭਾਈਆਂ ਵਿੱਚਕਾਰ ਗੌਰ ਕੀਤੀ ਹੈ, ਕਈ ਵਾਰੀ ਅੱਜ ਸਵੇਰ ਦੇ ਮੇਰੇ ਸੰਦੇਸ਼ ਪੇਸ਼ ਕਰਨ ਤੋਂ ਬਾਅਦ, ਨਵੇਂ ਆਤਮਾ ਅਤੇ ਫਿਰ ਖੁਦਾ ਦੇ ਆਤਮਾ ਬਾਰੇ... ਇਸ ਸਵੇਰ ਨੂੰ ਇੱਥੇ ਕਿੰਨੇ ਕੁ ਸਨ? ਠੀਕ ਹੈ, ਨਵੇਂ ਆਤਮਾ ਅਤੇ ਖੁਦਾ ਦੇ ਆਤਮਾ ਬਾਰੇ। ਕਿਸੇ ਇੱਕ ਵਿੱਚ ਖੁਦਾ ਦੇ ਆਤਮਾ ਤੋਂ ਬਿਨ੍ਹਾਂ ਨਵਾਂ ਆਤਮਾ ਹੋਣ ਬਾਰੇ। ਮੈਂ ਚਾਹੁੰਦਾ ਹਾਂ ਕਿ ਇਸ ਦੀ ਸਮਝ ਆ ਜਾਏ।

74 ਅੱਜ, ਅਸੀਂ ਪ੍ਰੋਟੇਸਟੈਂਟਾਂ ਲੋਕਾਂ ਅੰਦਰ ਗੜਬੜੀ ਦੀ ਇੱਕ ਵੱਡੀ ਲਹਿਰ ਪਾਉਂਦੇ ਹਾਂ ਅਤੇ ਜਦ ਮੈਂ ਉਨ੍ਹਾਂ ਦੀਆਂ ਕਲੀਸਿਯਾ ਅੰਦਰ ਜਾਂਦਾ ਹਾਂ, ਕਿਸੇ

ਸਮੇਂ ਤਾਂ ਇਹ ਬਹੁਤ ਵੱਡੀ ਪਰੇਸ਼ਾਨੀ ਹੁੰਦੀ ਹੈ। ਹੁਣ ਕਿਰਪਾ ਕਰਕੇ ਇਸ ਵਿਆਖਿਆ ਲਈ ਮਾਫ਼ੀ ਦੇਣਾ। ਪਰ ਜਿਸ ਤਰ੍ਹਾਂ ਕਿ ਪਵਿੱਤਰ ਆਤਮਾ... ਅਤੇ ਜਿਸ ਤਰ੍ਹਾਂ ਮੈਂ ਆਪਣੀ ਪਤਨੀ ਨਾਲ ਪਿੱਛੇ ਕਿਸੇ ਦਿਨ ਤੇ ਗੱਲ ਕਰ ਰਿਹਾ ਸਾਂ। ਜਦ ਮੈਂ ਆਪਣੇ ਦੋ ਰਿਸ਼ਤੇਦਾਰ ਭਾਈਆਂ ਨੂੰ ਉੱਥੇ ਲੰਮੇ ਪਏ ਇੱਕ ਦੂਸਰੇ ਵੱਲ ਸਾਹਮਣੇ-ਸਾਹਮਣੇ ਵੇਖਦੇ ਹੋਏ ਵੇਖੇ। ਜਿਸ ਵੇਲੇ ਉਨ੍ਹਾਂ ਦੇ ਜੀਵਨ ਦੀ ਮੰਗ ਕੀਤੀ ਗਈ ਸੀ। ਇੱਕ ਦੇ ਹੱਥ ਵਿੱਚ ਪ੍ਰਾਰਥਨਾ ਕਰਨ ਵਾਲੀ ਮਣਕਿਆਂ ਦੀ ਮਾਲਾ ਸੀ ਜੋ ਕਿ ਕੈਥੋਲਿਕ ਸੀ। ਅਤੇ ਦੂਸਰੇ ਪਾਸੇ ਤੇ ਇੱਕ ਬੈਪਟਿਸਟ ਸੀ, ਦੋਨੋ ਮੇਰੇ ਰਿਸ਼ਤੇਦਾਰ ਸਨ। ਅਤੇ ਮੈਂ ਉਨ੍ਹਾਂ ਤੇ ਝਾਤੀ ਪਾਈ ਮੈਂ ਸੋਚਿਆ, "ਹੇ ਮਹਾਨ ਖੁਦਾ ਇਹ ਚੀਜ਼ਾਂ ਕਿਸ ਤਰ੍ਹਾਂ ਹੋ ਸਕਦੀਆਂ ਹਨ? ਕੀ ਮੈਂ ਫੇਲ ਹੋ ਗਿਆ ਹਾਂ? ਕੀ ਕੋਈ ਚੀਜ਼ ਬੀਤ ਗਈ ਹੈ?"

75 ਮੈਂ ਪਤਨੀ ਨੂੰ ਦੱਸਿਆ, ਮੈਂ ਆਖਿਆ, "ਬਹੁਤ ਚੀਜ਼ਾਂ ਹਨ ਜਿਨ੍ਹਾਂ ਬਾਰੇ ਮੈਂ ਨਹੀ ਜਾਣਦਾ, ਪਰ ਕੁਝ ਚੀਜ਼ਾਂ ਹਨ ਜਿਨ੍ਹਾਂ ਬਾਰੇ ਮੈਂ ਜਾਣਦਾ ਹਾਂ।" ਮੈਂ ਦੱਸਿਆ, "ਛੋਟੇ ਲੜਕਪਨ ਤੋਂ ਹੀ ਮੈਂ ਸਰਦੀਆਂ ਅੰਦਰ ਪੌਦਿਆਂ ਦੇ ਦੁੱਧ ਤੇ ਧਿਆਨ ਦਿੱਤਾ ਹੈ, ਸਾਲ ਦੇ ਪਤਝੜ ਅੰਦਰ, ਇਹ ਰੁੱਖ ਦੇ ਹੇਠਲੇ ਪਾਸੇ ਚਲਾ ਜਾਂਦਾ ਹੈ, ਅਤੇ ਜੜ੍ਹਾਂ ਵਿੱਚ ਪਹੁੰਚ ਜਾਂਦਾ ਹੈ, ਆਪਣੇ ਆਪ ਨੂੰ ਸਰਦੀ ਤੋਂ ਬਚਾਉਣ ਲਈ ਗਰਮ ਰਹਿਣ ਲਈ ਛੁਪਾ ਰੱਖਦਾ ਹੈ, ਮੈਂ ਇਹ ਅਲੋਕਿਕ ਢੰਗ ਨਾਲ ਵੇਖਿਆ ਹੈ, ਪੁੰਗਰਾਂਦ ਦੀ ਰੁੱਤ ਵਿੱਚ, ਮੁੜ ਉੱਪਰ ਆ ਜਾਂਦਾ ਹੈ, ਟਹਿਣੀਆਂ ਇਸ ਨਾਲ ਫੁੱਟ ਨਿਕਲਦੀਆਂ ਹਨ ਅਤੇ ਫਲ ਵੀ। ਮੈਂ ਗਰਮੀ ਦੀ ਰੁੱਤ ਵਿੱਚ ਫੁੱਲਾਂ ਨੂੰ ਸੁੰਦਰਤਾ ਨਾਲ ਵੇਖਿਆ ਹੈ, ਸਰਦੀ ਦੀ ਰੁੱਤੇ ਮੁਰਝਾ ਜਾਂਦੇ, ਕੋਹਰਾ ਖਤਮ ਕਰਕੇ ਮਾਰ ਦਿੰਦਾ ਹੈ, ਅਤੇ ਬੀਜ ਸਦ ਜਾਂਦਾ ਅਤੇ ਗੁੱਦਾ ਖਤਮ ਹੋ ਜਾਂਦਾ। ਅਤੇ ਫਿਰ ਮੈਂ ਬਸੰਤ ਰੁੱਤ ਵਿੱਚ ਵੇਖਦਾ ਹਾਂ ਮੁੜ ਫੁੱਲ ਖਿਲ ਜਾਂਦੇ ਹਨ।" ਮੈਂ ਆਖਿਆ, "ਮੇਰੀ ਨਿਹਚਾ ਹੈ ਉਹ ਇਸ ਤਰ੍ਹਾਂ ਕਰਦੇ ਹਨ। ਮੇਰੀ ਨਿਹਚਾ ਹੈ ਇੱਕ ਜੋ ਕਿ ਯਹੋਵਾਹ ਖੁਦਾ ਸਦਾਉਂਦਾ ਹੈ, ਮੇਰੀ ਨਿਹਚਾ ਹੈ ਉਹ ਯਹੋਵਾਹ ਖੁਦਾ ਇਹ ਕਰਦਾ ਹੈ। ਉਹੀ ਕੁਦਰਤ ਦਾ ਚਲਾਉਣ ਵਾਲਾ ਹੈ। ਮੈਂ ਉਸ ਤੇ ਗੌਰ ਕੀਤੀ ਹੈ, ਦਿਆਰ ਦੇ ਰੁੱਖ ਨਾਲ ਪਪੀਤੇ ਦੇ ਰੁੱਖ ਨਾਲ ਜਾਂ ਭੋਜ ਦੇ ਰੁੱਖ ਨਾਲ, ਸੇਬ ਦੇ ਰੱਖ ਨਾਲ ਉਹੀ ਕਰਦਾ ਹੈ, ਅਤੇ ਹਰੇਕ ਦੂਸਰੇ ਤੋਂ ਫਰਕ ਹਨ। ਅਤੇ ਕਿਸ ਤਰ੍ਹਾਂ ਮਨੁੱਖ ਇੱਕ ਢੰਗ ਨਾਲ ਅਤੇ ਦੂਸਰੇ ਢੰਗ ਨਾਲ ਬਣਾਏ ਗਏ ਹਨ, ਸਾਰਿਆਂ ਦੀ ਬਣਤਰ ਇੱਕੋ ਹੀ ਮਾਲਕ ਦੇ ਦਿਮਾਗ ਨੇ ਬਣਾਈ ਹੈ, ਉਹ ਖੁਦਾ ਸੀ।" ਮੈਂ ਆਖਿਆ, "ਮੈਂ ਇਹ ਨੂੰ ਜਾਣਦਾ ਹਾਂ।"

76 ਮੇਰੀ ਨਿਹਚਾ ਹੈ ਕਿ ਯਿਸੂ ਖੁਦਾ ਦਾ ਪੁੱਤਰ ਹੈ, ਮੈਂ ਉਹ ਦੀ ਨਿਹਚਾ ਕਰਦਾ ਹਾਂ ਕਿ ਉਹ ਆਪਣੇ ਬਦਨ ਅੰਦਰ ਇੱਕ ਮਨੁੱਖ ਸੀ। ਉਹ ਇੱਕ ਔਰਤ ਤੋਂ ਜੰਮਿਆ ਸੀ, ਜਿਸ ਤਰ੍ਹਾਂ ਕਿ ਮੈਂ ਵੀ ਜੰਮਿਆ ਸੀ, ਜਿਸ ਤਰ੍ਹਾਂ

ਕਿ ਮੈਂ ਵੀ ਜਨਮਿਆ ਸਾਂ, ਪਰ ਉਸ ਦਾ ਲਹੂ ਇੱਕ ਔਰਤ ਦਾ ਲਹੂ ਨਾ ਸੀ, ਇਹ ਖੁਦਾ ਸੀ। ਅਤੇ ਯਹੋਵਾਹ ਖੁਦਾ ਲੋਗਾਜ ਧਰਤੀ ਤੇ ਸੇਉਂਦਾ ਸੀ (ਮੇਰੇ ਇਸ ਸਵੇਰ ਦੇ ਸੰਦੇਸ਼ ਵਿੱਚ) ਅਤੇ ਧਰਤੀ ਦੀ ਮਿੱਟੀ ਤੋਂ ਪਹਿਲਾਂ ਆਦਮੀ ਰਚ ਲਿਆ, ਮਰੀਅਮ ਤੇ ਸਾਇਆ ਕੀਤਾ, ਅਤੇ ਉਹ ਦੇ ਤੇ ਪ੍ਰਗਟ ਹੋ ਕੇ ਵਚਨ ਨੂੰ ਪੂਰਾ ਕਰਨ ਲਈ ਲਹੂ ਦਾ ਤੱਤ ਰਚਿਆ ਜਿਸ ਨੇ ਜਿਉਂਦੇ ਖੁਦਾ ਦੇ ਪੁੱਤਰ ਨੂੰ ਜਨਮ ਵਿੱਚ ਲੈ ਆਂਦਾ। ਮੈਂ ਇੱਕ ਬਦਨ ਵਿੱਚ ਨਿਹਚਾ ਰੱਖਦਾ ਹਾਂ ਉਹੀ ਮਨੁੱਖ ਸੀ। ਮੈਂ ਨਿਹਚਾ ਕਰਦਾ ਹਾਂ ਉਹ ਆਪਣੇ ਆਤਮਾ ਅੰਦਰ ਖੁਦਾ ਸੀ। ਉਹ ਇਸ ਧਰਤੀ ਤੇ ਦੇਹਧਾਰੀ ਖੁਦਾ ਸੀ। "ਖੁਦਾ ਮਸੀਹ ਵਿੱਚ ਹੋ ਕੇ ਸੰਸਾਰ ਨੂੰ ਆਪਣੇ ਨਾਲ ਮਿਲਾ ਰਿਹਾ ਸੀ," ਮੈਂ ਨਿਹਚਾ ਕਰਦਾ ਹਾਂ ਕਿ ਉਹ ਕੇਵਲ ਇੱਕ ਮਨੁੱਖ ਹੀ ਨਹੀ ਸੀ, ਨਾ ਹੀ ਸਿਰਫ ਇੱਕ ਨਬੀ ਸੀ, ਉਹ ਇਮਾਨੁਏਲ ਖੁਦਾ ਸੀ, ਮੈਂ ਇਹ ਨੂੰ ਸੱਚੇ ਹੋਣ ਦੀ ਨਿਹਚਾ ਰੱਖਦਾ ਹਾਂ। ਮੈਂ ਇਸ ਸਚਾਈ ਦਾ ਸਬੂਤ ਨਹੀ ਦੇ ਸਕਦਾ, ਕਿਉਂਕਿ...ਜੇਕਰ ਮੈਂ ਸਾਬਤ ਕਰ ਸਕਾਂ ਤਾਂ ਇਹ ਨਿਹਚਾ ਨਹੀ ਰਹੇਗੀ। ਪਰ ਮੈਂ ਜਾਣਦਾ ਹਾਂ ਸਾਰੀ ਕੁਦਰਤ ਚੱਕਰ ਖਾਂਦੀ ਹੈ। ਸੰਸਾਰ ਆਪਣੇ ਘੇਰੇ ਵਿੱਚ ਖੜ੍ਹਾ ਹੈ, ਇਹ ਕਿਸੇ ਰੱਬੀ ਸ਼ਕਤੀ ਦਾ ਕੰਮ ਹੈ।

77 ਅਤੇ ਦੂਸਰੀ ਗੱਲ ਜੋ ਮੈਂ ਜਾਣਦਾ ਹਾਂ, ਖੁਦਾ ਦੀ ਕਿਰਪਾ ਨਾਲ ਕੋਈ ਚੀਜ਼ ਹੈ ਜੋ ਮੇਰੇ ਕੋਲ ਇੱਕ ਦੂਤ ਦੀ ਸ਼ਕਲ ਵਿੱਚ ਇੱਕ ਚਾਨਣ ਬਣ ਕੇ ਆਉਂਦਾ ਹੈ। ਅਤੇ ਉਹ ਮੈਨੂੰ ਹੋਣ ਵਾਲੀਆਂ ਗੱਲਾਂ ਬਾਰੇ ਦੱਸਦਾ ਹੈ, ਅਤੇ ਮੈਂ ਉਸਨੂੰ ਵੇਖਦਾ ਹਾਂ। ਮੈਂ ਜਾਣਦਾ ਹਾਂ ਇਹ ਸੁਭਾਵਕ ਨਹੀ ਹੈ। ਸਾਲਾਂ ਅੰਦਰ ਬੀਤਣ ਵਾਲੀਆਂ ਗੱਲਾਂ ਉਹ ਦੱਸਦਾ ਹੈ ਅਤੇ ਕਦੇ ਇੱਕ ਸਮੇਂ ਵੀ ਉਹ ਫੇਲ੍ਹ ਨਹੀ ਹੋਈਆਂ ਹਨ। (ਭਾਈ ਬ੍ਰਾਨਹਮ ਤਿੰਨ ਵਾਰ ਮੰਚ ਤੇ ਖੜਾਕ ਕਰਦੇ ਹਨ- ਸੰਪਾਦਕ) ਮੇਰੀ ਨਿਹਚਾ ਹੈ ਇਹ ਉਹੀ ਖੁਦਾ ਹੈ ਜੋ ਯੂਸਫ ਦੇ ਨਾਲ ਸੀ, ਉਹੀ ਖੁਦਾ ਜੋ ਦਾਨਿਏਲ ਦੇ ਨਾਲ ਸੀ, ਉਹੀ ਏਲੀਯਾਹ ਦੇ ਸੰਗ ਸੀ। ਮੇਰੀ ਨਿਹਚਾ ਹੈ ਕਿ ਉਹ ਇਹੀ ਪਵਿੱਤਰ ਆਤਮਾ ਹੈ ਜਿਸ ਨੇ ਅੱਗ ਦੇ ਥੰਮ ਨਾਲ ਇਸਰਾਇਲ ਦੀ ਅਗਵਾਹੀ ਕੀਤੀ ਸੀ।

78 ਇਸ ਲਈ ਮੈਂ ਸੰਤੁਸ਼ਟ ਹਾਂ ਕਿ ਕੋਈ ਗੱਲ ਹੈ ਬਾਈਬਲ ਸਚ ਹੈ, ਕਿਉਂਕਿ ਸਾਰੀ ਕੁਦਰਤ, ਹਰੇਕ ਚੀਜ਼ ਜਿਸਨੂੰ ਮੈਂ ਨਿਹਚਾ ਆਖਦਾ ਹਾਂ, ਹਰੇਕ ਚੀਜ਼ ਤੇ ਮੈਂ ਧਿਆਨ ਰੱਖਦਾ ਹਾਂ, ਜਿਸ ਦਾ ਮੈਂ ਸਬੂਤ ਨਹੀ ਦੇ ਸਕਦਾ, ਇਹ ਬਾਈਬਲ ਸਬੂਤ ਦਿੰਦੀ ਹੈ ਕਿ ਉਹ ਸਚ ਹਨ।

79 ਮੈਂ ਮਸੀਹ ਨੂੰ ਵੇਖਦਾ ਹਾਂ। ਉਹ ਜੋ ਕੁਝ ਯਹੂਦੀ ਸੋਚਦੇ ਸਨ ਕਿ ਉਹ ਹੋਵੇ, ਉਹ ਨਹੀ ਸੀ। ਉਸ-ਉਸ ਨੇ ਨਹੀ ਉਹ ਨਿਸ਼ਾਨ ਜੋ ਮਸੀਹ ਹੋਣ ਦੀ ਮੰਗ ਕਰਦੇ

ਸਨ ਪੂਰੇ ਕਰ ਵਿਖਾਏ। ਉਹੀ ਮਸੀਹੀ ਸੀ।

80 ਅਤੇ ਮੈਂ ਵੇਖਦਾ ਹਾਂ ਉਨ੍ਹਾਂ ਲੋਕਾਂ ਤੇ ਜੋ ਆਤਮਾ ਉਸ ਵੇਲੇ ਸੀ, ਵੇਖੋ, ਉਹੀ ਇਥੇ ਉਨ੍ਹਾਂ ਕੰਮਾਂ ਨੂੰ ਕਰਨ ਲਈ ਇਥੇ ਉਤਰਿਆ ਹੈ। ਇਸ ਲਈ ਮੈਂ ਜਿਉਂਦੇ ਖ਼ੁਦਾ ਦੇ ਵਚਨ ਦਾ ਪੱਕਾ ਨਿਹਚਾਵਾਨ ਹਾਂ, ਕੋਈ ਮਾਮਲਾ ਹੀ ਨਹੀ ਕਿਸੇ ਕਿਸਮ ਦਾ ਜਜਬਾਤੀ ਉੱਠੇ।

81 ਮੈਂ ਚਰਚਾਂ ਵਿੱਚ ਗਿਆ ਹਾਂ, ਅਤੇ ਹੁਣ ਮੈਂ ਇਹ ਆਦਰ ਨਾਲ ਆਖਦਾ ਹਾਂ। ਮੈਂ ਕਲੀਸਿਯਾ ਅੰਦਰ ਵੇਖਿਆ ਹੈ ਲੋਕ ਪਵਿੱਤਰ ਆਤਮਾ ਦੇ ਸਥਾਨ ਤੇ ਇੱਕ ਦੂਸਰੇ ਦਾ ਆਤਮਾ ਪਾ ਲੈਂਦੇ ਹਨ। ਤੁਸੀਂ ਇੱਕ ਕਲੀਸਿਯਾ ਵਿੱਚ ਜਾਓ ਅਤੇ ਗੌਰ ਕਰੋ ਜਿੱਥੇ ਪਾਸਟਰ ਸਿਰ ਨਾਲ ਇਸ਼ਾਰਾ ਕਰਨ ਵਾਲਾ ਹੋਵੇਗਾ, ਉਸੇ ਤਰ੍ਹਾਂ ਸਾਰੀ ਸਭਾ ਕਰੇਗੀ। ਤੁਸੀਂ ਕਲੀਸਿਯਾ ਜਿਥੇ ਪਾਸਟਰ ਆਖਦਾ ਹੈ ਉਸ ਦੇ ਹੱਥ ਅੰਦਰ ਤੇਲ ਹੈ ਜੋ ਵਗਦਾ ਹੈ, ਪਹਿਲੀ ਗੱਲ ਤੁਸੀਂ ਜਾਣੋ ਸਾਰੀ ਸਭਾ ਉਸਦੀ ਨਿਹਚਾ ਕਰਦੀ ਹੈ ਅਤੇ ਉਹ ਕਰਦੇ ਹਨ। ਅਜਿਹੀ ਕਲੀਸਿਯਾ ਅੰਦਰ ਆ ਜਾਓ ਜਿਥੇ ਬਹੁਤ ਨਾਚ ਅਤੇ ਛਾਲਾਂ ਮਾਰਦੇ ਅਤੇ ਚੁਗਿਰਦੇ ਟੱਪਦੇ ਫਿਰਦੇ ਹਨ। ਮੈਂ ਇਹਨਾਂ ਚੀਜ਼ਾਂ ਨੂੰ ਦੋਸ਼ੀ ਨਹੀ ਠਹਿਰਾ ਰਿਹਾ ਹਾਂ, ਮੈਂ ਇਹਨਾਂ ਚੀਜ਼ਾਂ ਦੀ ਇੱਕ ਪਰਖ ਕਰਕੇ ਬਸ ਤੁਹਾਨੂੰ ਇੱਕ ਨੁਕਤਾ ਦੱਸਣ ਲਈ ਕਹਿ ਰਿਹਾ ਹਾਂ। ਜੇਕਰ ਤੁਹਾਡਾ ਇੱਕ ਪਾਸਟਰ ਜੋ ਬਹੁਤ ਜਜਬਾਤੀ ਹੋਵੇਗਾ, ਤਾਂ ਸਾਰੀ ਸਭਾ ਜਜਬਾਤੀ ਹੋਵੇਗੀ। ਤੁਸੀਂ ਇੱਕ ਪਾਸਟਰ ਨੂੰ ਲਵੋ ਜੋ ਕਿ ਸਖਤ ਅਤੇ ਕਰੜਾ ਹੈ, ਅਤੇ ਸਾਰੀ ਸਭਾ ਸਖਤ ਅਤੇ ਕਰੜੀ ਹੋਵੇਗੀ। ਮੇਰੀ ਨਿਹਚਾ ਹੈ ਤੁਸੀਂ ਇੱਕ ਦੂਸਰੇ ਦਾ ਆਤਮਾ ਪਾਉਂਦੇ।

82 ਇੱਕ ਭਲਾ ਪੁਰਸ਼ ਅਤੇ ਇੱਕ ਭੈੜੀ ਔਰਤ ਲਵੋ ਅਤੇ ਦੋਨਾਂ ਨੂੰ ਇਕੱਠੇ ਰੱਖੋ, ਇੱਕ ਦੂਸਰੇ ਵਰਗਾ ਹੋ ਜਾਏਗਾ। ਇਹ ਭੈੜਾ ਪੁਰਸ਼ ਹੋ ਜਾਏਗਾ, ਜਾਂ ਭਲੀ ਔਰਤ ਹੋ ਜਾਏਗੀ। ਤੁਸੀਂ…ਦੋ ਇਕੱਠੇ ਚੱਲ ਨਹੀ ਸਕਦੇ ਜਦ ਤੱਕ ਉਹ ਸਹਿਮਤ ਨਾ ਹੋਣ।

83 ਅਤੇ ਕਾਸ਼ ਕਿ ਮੈਂ ਇਹ ਪੂਰੇ ਆਦਰ ਨਾਲ ਆਪਣੇ ਦਿਲੋਂ ਕਹਾਂ, ਮੈਂ ਆਪਣੇ ਤਨੋਂ ਮਨੋਂ ਇਹ ਕੋਸ਼ਿਸ਼ ਕੀਤੀ ਹੈ ਕਿ ਮੈਂ ਬਾਈਬਲ ਵਿਚੋਂ ਕਦੇ ਬਹਿਸ ਕਰਨ ਵਾਲਾ ਨਾ ਹੋਵਾਂ। ਕਿਉਕਿ ਉਸ ਸਵੇਰ ਮੈਂ ਜੋ ਉਹ ਨੀਹ ਪੱਥਰ ਧਰਿਆ ਸੀ, ਦੱਸਿਆ ਗਿਆ, "ਵਚਨ ਦਾ ਪ੍ਰਚਾਰ ਕਰ। ਇੱਕ ਪ੍ਰਚਾਰਕ ਦਾ ਕੰਮ ਕਰ। ਆਪਣੀ ਸੇਵਾ ਦਾ ਪੱਕਾ ਸਬੂਤ ਦੇ, ਕਿਉਂ ਜੋ ਸਮਾਂ ਆਏਗਾ, ਜਦ ਉਹ ਖਰੀ ਸਿੱਖਿਆ ਨਾ ਸਹਿਣਗੇ ਅਤੇ ਆਪਣੇ ਕੰਨਾਂ ਦੀ ਜਲੂਨ ਕਰਕੇ ਢੇਰ ਸਾਰੇ ਗੁਰੂ ਧਾਰ ਲੈਣਗੇ, ਅਤੇ ਸੱਚਾਈ ਵੱਲੋਂ ਮੁੜ ਕੇ ਖਿਆਲੀ ਗੱਲਾਂ ਤੇ ਚਿੱਤ ਲਾਉਣਗੇ।"

84 ਸਚਾਈ ਕੀ ਹੈ? “ਤੇਰਾ ਵਚਨ ਸਚਾਈ ਹੈ।” ਯੂਹੰਨਾਂ 17, “ਪਿਤਾ ਉਨ੍ਹਾਂ ਨੂੰ ਵਚਨ ਨਾਲ ਸਾਫ਼ ਕਰ, ਤੇਰਾ ਵਚਨ ਹੀ ਸਚਾਈ ਹੈ।” ਹੁਣ…

85 ਅਤੇ ਜੇਕਰ ਮੈਂ ਗਲਤ ਹਾਂ ਖੁਦਾ ਮੇਰੀ ਬੇਨਤੀ ਹੈ ਮੈਨੂੰ ਮਾਫ਼ੀ ਦੇ। ਪਰ ਮੈਂ ਆਪਣੇ ਮਨੋ ਪੂਰੀ ਕੋਸ਼ਿਸ਼ ਨਾਲ ਲੋਕਾਂ ਨੂੰ ਵਚਨ ਪੇਸ਼ ਕਰਦਾ ਹਾਂ। ਕਿ ਉਹੀ ਆਤਮਾ ਲੋਕਾਂ ਤੇ ਉਤਰੇ, ਜਦ ਮੈਂ ਨਿਆਂ ਲਈ ਖੜਾ ਹੋਵਾਂ, ਲੋਕਾਂ ਵਿਚੋਂ ਡੱਡੂਆਂ ਦਾ ਖਿਆਲੀ ਛਾਲਾਂ ਮਾਰਨ ਵਾਲਾ ਆਤਮਾ ਨਾ ਹੋਵੇਗਾ ਜਾਂ ਉਡਣ ਵਾਲੇ ਕੀੜੇ ਆਦਿ ਜਾਂ ਉਨ੍ਹਾਂ ਦੇ ਹੱਥਾਂ ਤੋਂ ਤੇਲ ਟੱਪਕ ਰਿਹਾ ਹੋਏ। ਪਰ ਉਹ ਆਤਮਾ ਹੋਵੇ ਜੋ ਜਿਉਂਦੇ ਖੁਦਾ ਦੇ ਵਚਨ ਅੰਦਰ ਹੈ ਜਿਸ ਨੇ ਬਾਈਬਲ ਨੂੰ ਬਾਈਬਲ ਦੇ ਇੱਕ ਤਜਰਬੇ ਨਾਲ ਲਿਖਿਆ ਹੈ (ਭਾਈ ਬ੍ਰਾਨਹਮ ਮੰਚ ਤੇ ਚਾਰ ਵਾਰ ਖੜਾਕ ਕਰਦੇ ਹਨ-ਸੰਪਾਦਕ) ਇਹੋ ਕੁਝ ਹੈ ਜਿਸ ਲਈ ਮੈਂ ਸਖਤ ਮੇਹਨਤ ਕੀਤੀ ਹੈ।

86 ਹੁਣ ਬਾਈਬਲ ਦੇ ਗੁਣ ਦੇ ਅਧਾਰ ਤੇ ਆਪਣੇ ਛੋਟੇ ਜਿਹੇ ਵਿਚਾਰਾਂ ਨੂੰ ਅੱਜ ਰਾਤ ਲੈ ਕੇ ਅਤੇ ਆਪਣੇ ਵਿਚਾਰਾਂ ਨੂੰ ਇਕੱਠੇ ਕਰਕੇ ਉਹਨਾਂ ਦੀ ਤੁਲਨਾ ਕਰਕੇ ਤੁਹਾਨੂੰ ਪੇਸ਼ ਕਰਨ ਲਈ, ਫਿਰ ਤੁਸੀਂ ਜਿਸ ਤਰ੍ਹਾਂ ਤੁਹਾਡੀ ਇੱਛਿਆ ਹੋਵੇ ਕਰੋ, ਜਿਸ ਤਰ੍ਹਾਂ ਵੀ ਖੁਦਾ ਤੁਹਾਡੇ ਦਿਲ ਤੇ ਬੋਝ ਪਾਏ।

87 ਆਓ ਪਹਿਲੇ ਰਾਜਾ ਦੇ 22ਵੇ ਪਾਠ ਵੱਲ ਮੁੜ ਚਲੀਏ। ਅਤੇ ਅਸੀਂ ਇਸ ਤਰ੍ਹਾਂ ਵੇਖਾਂਗੇ, ਕਿ ਇੱਕ ਆਦਮੀ ਹੁੰਦਾ ਸੀ, ਇੱਕ ਅਹਾਬ ਨਾਮ ਦਾ ਪਾਤਸ਼ਾਹ। ਅਤੇ ਉਹ ਇੱਕ ਮਹਾਨ ਰਾਜਾ ਫੌਜੀ ਸੀ, ਅਤੇ ਇੱਕ ਮਹਾਨ ਆਦਮੀ ਸੀ, ਪਰ ਸ਼ੀਲ ਗਰਮ, ਨਾਮਧਾਰੀ ਨਿਹਚਾਵਾਨ ਸੀ। ਉਸ ਦਾ ਨਾਮ ਅਹਾਬ ਸੀ।

88 ਅੰਤ ਤੇ, ਇੱਕ ਨਬੀ ਏਲੀਯਾਹ ਜੋ ਕਿ ਇੱਕ ਅਚੰਭਿਆਂ ਨਾਲ ਇੱਕ ਪ੍ਰਗਟ ਹੋਇਆ ਨਬੀ ਸੀ, ਉਸਨੇ ਅਹਾਬ ਦੀ ਤਬਾਹੀ ਲਈ ਵਚਨ ਬੋਲਿਆ ਹੋਇਆ ਸੀ। ਏਲੀਯਾਹ ਦੇ ਕਈ ਸਾਲਾਂ ਦੇ ਚਲੇ ਜਾਣ ਤੋਂ ਬਾਅਦ, ਉੱਥੇ ਇੱਕ ਮੀਕਾਯਾਹ ਨਾਮ ਦਾ ਨਬੀ ਸੀ ਇਸ ਤਰ੍ਹਾਂ, ਯਹੋਸ਼ਾਫਾਤ, ਉਸ ਦਾ ਪਿਤਾ, ਇੱਕ ਧਰਮੀ ਮਨੁੱਖ ਸੀ ਜੋ ਕਿ ਯਹੂਦਾ ਦਾ ਪਾਤਸ਼ਾਹ ਸੀ, ਉਹ ਇਸਰਾਇਲ ਦੇ ਪਾਤਸ਼ਾਹ ਅਹਾਬ ਨੂੰ ਹਠਾੜ ਨੂੰ ਮਿਲਣ ਲਈ ਆਇਆ।

89 ਅਤੇ ਅਹਾਬ ਕੋਲ ਇੱਕ ਵੱਡੇ ਠਾਠ ਵਾਲੀ ਪਾਤਸ਼ਾਹੀ ਸੀ, ਹੁਣ ਧਿਆਨ ਕਰੋ, ਇੱਕ ਵੱਡੀ ਸ਼ਾਨ ਵਾਲੀ ਪਾਤਸ਼ਾਹੀ ਸੀ। ਕਿਉਂਕਿ ਉਸ ਕੋਲ ਇੱਕ ਛੋਟੀ ਜਿਹੀ ਰੰਗ ਲਾਉਣ ਵਾਲੀ ਪਤਨੀ ਸੀ ਜਿਸ ਦਾ ਨਾਮ ਈਜ਼ਬਲ ਸੀ, ਅਤੇ ਉਸ ਨੇ ਚੁਣਿਆਂ ਹੋਇਆਂ ਨੂੰ ਛੱਡ ਕੇ ਸਾਰੀ ਕੌਮ ਨੂੰ ਆਪਣੀ ਕੌਮ ਦੇ ਬੁੱਤ ਵੱਲ ਭਰਮਾ ਲਿਆ।

90 ਹੇ ਮਿਤਰੋ, ਕੀ ਤੁਸੀਂ ਵੇਖ ਸਕਦੇ ਹੋ, ਉਹੋ ਸ਼ੈਤਾਨੀ ਆਤਮਾ। ਅੱਜ ਅਮਰੀਕਾ ਵਿਚ ਕੰਮ ਕਰ ਰਹੀ ਹੈ, ਛੋਟੀਆਂ ਭਰਮਾਉਣ ਵਾਲੀਆਂ ਈਜ਼ਬਲ ਔਰਤਾਂ, ਇਸ਼ਕ ਵਾਲੇ ਆਤਮਾ ਨਾਲ ਖੁਦਾ ਦੇ ਪੁੱਤਰਾਂ ਨੂੰ ਮਸੀਹ ਵੱਲੋਂ ਭਰਮਾ ਰਹੀਆਂ ਹਨ? ਮੈਂ ਇੱਕ ਮਜਾਕ ਨਾਲ ਨਹੀ ਕਹਿ ਰਿਹਾ ਹਾਂ ਇਹ ਮਜ਼ਾਕ ਕਰਨ ਦਾ ਸਥਾਨ ਨਹੀ ਹੈ। ਇਹ ਤਾਂ ਮੰਚ ਹੈ, ਇਹੀ ਥਾਂ ਤੇ ਖੁਦਾ ਦੇ ਨਿਆਉ ਦੀ ਜਗ੍ਹਾ ਹੈ, ਅਤੇ ਵਚਨ ਨਾਲ ਖੁਦਾ ਨਿਆਉ ਕਰਦਾ ਹੈ, ਜਾਂ ਉਹੀ ਨਿਆਈ ਹੈ...ਇਹ ਵਚਨ ਹੀ ਉਸੇ ਦਾ ਨਿਆਉ ਹੈ।

91 ਹੁਣ ਗੌਰ ਕਰੋ ਉਹ ਕਿਸ ਤਰ੍ਹਾਂ ਛੋਟੀ ਜਿਹੀ ਔਰਤ, ਉਹ ਇੱਕ ਛੋਟੀ ਚਾਤਰ ਚੀਜ਼, ਉਹ ਪੱਕੀ ਗੱਲ ਹੈ ਚਤਰ ਰਹੀ ਹੈ, ਪਰ ਉਸਨੇ ਪੱਕੇ ਢੰਗ ਨਾਲ ਇੱਕ ਰਾਸ਼ਟਰ ਨੂੰ ਝੁਕਾਇਆ।

92 ਅਤੇ ਅੱਜ ਦੇ ਦਿਨ ਵਿੱਚ ਅਸੀਂ ਕਾਹਦੇ ਨਾਲ ਭਰਮਾਏ ਗਏ ਹਾਂ ਯਾਦ ਹੈ, ਮੈਂ ਇਹ ਭਵਿਖਬਾਣੀ ਕੀਤੀ ਹੈ, ਕਿ ਅਮਰੀਕਾ ਔਰਤਾਂ ਨੂੰ ਪਿਆਰ ਕਰਨ ਵਾਲਾ ਹੈ, ਉਹ ਔਰਤਾਂ ਦਾ ਪੂਜਾਰੀ ਹੈ। ਅਮਰੀਕਾ ਅੰਦਰ ਔਰਤਾਂ ਵਾਲੀ ਭਰਮਾਉਣ ਵਾਲੀ ਆਤਮਾ ਹੈ। ਇਹ ਛੋਟੀਆਂ ਜਿਹੀਆਂ ਔਰਤਾਂ ਹਾਲੀਵੁੱਡ ਵਿੱਚ ਆ ਕੇ ਗਲੀਆਂ ਵਿਚ ਬਾਹਰ ਚੱਲ ਫਿਰ ਸਕਦੀਆਂ ਹਨ। ਅਤੇ ਵਧੇਰੇ ਆਦਮੀਆਂ ਨੂੰ ਕਬਰਸਥਾਨ ਨੂੰ ਲੈ ਜਾਣ ਵਾਲੇ ਠੇਲਿਆਂ ਨਾਲੋਂ ਵੱਧ ਜਿਨ੍ਹਾਂ ਨੂੰ ਤੁਸੀਂ ਇੱਕ ਦੂਸਰੇ ਨਾਲ ਜੋੜ ਸਕੋ, ਉਨ੍ਹਾਂ ਨਾਲੋਂ ਵੱਧ ਨਰਕ ਨੂੰ ਭੇਜ ਸਕਦੀਆਂ ਹਨ।

93 ਅਤੇ ਤਾਂ ਵੀ ਉਹ ਆਪਣੀ ਠੀਕ ਹਾਲਤ ਅੰਦਰ ਰਹਿਣ ਤੇ ਆਪਣੇ ਇੱਕ ਆਦਮੀ ਦੇ ਦਿਲ ਦਾ ਗਹਿਣਾ ਹਨ ਅਤੇ ਖੁਦਾ ਦੀ ਪਾਤਸ਼ਾਹੀ ਲਈ ਇੱਕ ਆਸ਼ੀਸ਼ ਹਨ। ਤੁਸੀਂ ਇਸਨੂੰ ਸਮਝਦੇ ਜੇ?

94 ਹੁਣ ਬਸ ਇੱਕ ਪਲ ਭਰ ਦੇ ਲਈ ਧਿਆਨ ਦਿਓ। ਅਤੇ ਨਹੀ, ਖ਼ਰ ਨਾ ਕਰੋ ਬਸ ਥੋੜ੍ਹਾ ਕੁ ਖਾਮੋਸ਼ ਹੋ ਕੇ ਬੈਠੋ ਅਤੇ ਸੁਣੋ। ਪਵਿੱਤਰ ਆਤਮਾ ਨੂੰ ਤੁਹਾਡੇ ਤੇ ਪ੍ਰਗਟ ਕਰਨ ਦਿਓ । ਹੁਣ, ਅੱਜ ਦੇ ਸਮੇਂ ਹੁਣ ਅਸੀਂ ਉਸੇ ਤਰ੍ਹਾਂ ਦੇ ਹਾਲਤ ਅੰਦਰ ਪਾਏ ਜਾ ਰਹੇ ਹਾਂ ਜਿਸ ਤਰ੍ਹਾਂ ਕਿ ਆਹਾਬ ਦੇ ਸਮੇਂ ਵਿੱਚ ਸੀ। ਖੈਰ, ਜੋ ਵੀ ਪਤਨੀ ਨੇ ਆਖਿਆ ਉਹੀ ਆਹਾਬ ਨੇ ਪੂਰਾ ਕੀਤਾ। ਹੁਣ ਐਥੋਂ ਤੱਕ ਕਿ ਚਰਚ ਅੰਦਰ ਉਹ ਔਰਤਾਂ ਦੀ ਪੂਜਾ ਕਰਦੇ ਹਨ।

95 ਬਹੁਤ ਸਮਾਂ ਨਹੀ ਹੋਇਆ, ਕੁਨਿਅਓ ਨੇ ਮੇਰੀ ਅਣਖ ਨੂੰ ਜਗਾਇਆ। ਮੈਕਸਿਕੋ ਅੰਦਰ ਜਦੋਂ ਮੈਂ ਇੱਕ ਵਿਚਾਰੀ ਛੋਟੀ ਜਿਹੀ ਔਰਤ ਨੂੰ ਵੇਖਿਆ, ਸਗੋਂ ਉਸੇ ਬਾਰੇ ਜਾਣਿਆ, ਤੱਤੀ ਚਟਾਨ ਦੇ ਉਪਰੋਂ ਦੀ ਮੀਲਾਂ ਤੱਕ ਹੇਠਾਂ ਨੂੰ ਰਿੜਦੀ ਆਉਂਦੀਆਂ ਅਤੇ ਜਿਵੇਂ ਦੋ ਬੱਚਿਆਂ ਵਿਚੋਂ ਇੱਕ ਪਿਤਾ ਦੀਆਂ ਬਾਹਾਂ

ਵਿੱਚ ਲਏ ਹੋਏ ਉਹ ਨਾਲ ਆ ਰਿਹਾ ਅਤੇ ਇੱਕ ਮਾਮਾ ਦੇ ਪਿੱਛੇ ਲੱਗਾ ਸੀ, ਅਤੇ ਉਹ ਰੋਂਦੀ ਅਤੇ ਉਹ ਦੇ ਗੋਡਿਆਂ ਦੀ ਚਮੜੀ ਰਗੜੀ ਹੋਈ ਅਤੇ ਹੱਥਾਂ ਨਾਲ ਜੋਰ ਲਾ ਕੇ ਚਟਾਨ ਵੱਲ ਵੱਧਦੀ ਹੋਈ ਅਤੇ ਰੋਂਦੀ ਹਰੇਕ ਉਸ ਵੱਲ ਵੇਖ ਰਿਹਾ ਸੀ, ਉਹ ਕਿਸੇ ਮਰੀ ਹੋਈ ਔਰਤ ਦੇ ਬੁੱਤ ਤੱਕ ਪਹੁੰਚ ਗਈ ਸੀ, ਉਸ ਮਰੀ ਔਰਤ ਦੇ ਜੋ ਕਿ ਸੰਤ ਮੰਨੀ ਜਾਂਦੀ ਸੀ। ਅਤੇ ਮੈਂ ਇਹ ਨੁਕਤਾਚੀਨੀ ਲਈ ਨਹੀ ਕਹਿੰਦਾ ਹਾਂ। ਮੈਂ ਇਹ ਖੁਦਾ ਦੇ ਵਚਨ ਦੇ ਚਾਨਣ ਅੰਦਰ ਕਹਿੰਦਾ ਹਾਂ। ਇਹ ਪੱਕੇ ਢੰਗ ਨਾਲ ਸਹੀ-ਸਹੀ ਭੂਤਾਂ ਦਾ ਧਰਮ ਹੈ।

96 ਬਾਈਬਲ ਨੇ ਦੱਸਿਆ, "ਕੋਈ ਸਿਫਾਰਿਸ਼ ਕਰਨ ਵਾਲਾ ਨਹੀ, ਖੁਦਾ ਅਤੇ ਮਨੁੱਖ ਵਿਚਕਾਰ ਕੋਈ ਵਿਚੋਲਿਆ ਨਹੀ, ਪਰ ਉਹ ਆਦਮੀ ਯਿਸੂ ਮਸੀਹ ਹੈ।"

97 ਜੇਕਰ ਪਹਿਲੀ ਕਲੀਸਿਯਾ ਕੈਥੋਲਿਕ ਸੀ, ਫਿਰ ਉਹ ਕਿਉਂ ਬਦਲ ਗਏ ਹਨ, ਜਦ ਪਹਿਲੀ ਕਲੀਸਿਯਾ ਨੇ ਇਹ ਨੂੰ ਰੱਧਿਆ ਸੀ, ਅਤੇ ਹੁਣ ਦੇ ਕੈਥੋਲਿਕ ਇਹ ਨੂੰ ਕਬੂਲ ਕਰਦੇ ਹਨ? ਇਹ ਔਰਤਾਂ ਦਾ ਸੰਸਾਰ ਹੈ। ਇਹ ਅੱਜ ਦਾ ਆਤਮਾ ਅਤੇ ਨਾਰਾ ਹੈ। ਅਤੇ ਇਹ ਸਚ ਹੈ। ਬਿਲਕੁਲ ਸਚਾਈ ਹੈ।

98 ਅਤੇ ਮੈਂ ਭਵਿੱਖਵਾਣੀ ਕਰਦਾ ਹਾਂ ਕਿ ਇੱਕ ਮਹਾਨ ਔਰਤ ਹੋਵੇਗੀ। ਤੁਸੀਂ ਨੌਜਵਾਨ ਲੋਕੋ ਅੱਜ ਰਾਤ ਇੱਥੇ ਤੁਸੀਂ ਯਾਦ ਰੱਖਣਾ, ਭਾਈ ਬ੍ਰਾਨਹਮ ਨੇ ਇਹ ਆਖਿਆ ਹੈ। ਅਤੇ ਮੈਂ ਇਹ ਸੰਨ 33 ਵਿੱਚ ਆਖਿਆ ਸੀ ਜਦ ਮੈਂ ਪ੍ਰਭੂ ਦੀ ਆਮਦ ਨੂੰ ਵੇਖਿਆ ਸੀ। ਅਤੇ ਕਿਸ ਤ੍ਰਾਂ ਗੱਡੀਆਂ ਲਗਾਤਾਰ ਇੱਕ ਅੰਡੇ ਦੇ ਆਕਾਰ ਵਿੱਚ ਬਣਦੀਆਂ ਜਾਣਗੀਆਂ, ਇੱਥੋਂ ਤੱਕ ਅੰਤ ਤੇ ਉਹ ਠੀਕ ਅੰਡੇ ਦੀ ਤਰ੍ਹਾਂ ਹੀ ਹੋਣਗੀਆਂ। ਹੋ ਸਕਦਾ ਤੁਸੀਂ ਜੋ ਇੱਥੇ ਹੋ ਕੁਝ ਜਾਣਦੇ ਹੋ, ਇਹ ਪੁਰਾਣੀਆਂ ਅਖਬਾਰਾਂ ਅਤੇ ਚੀਜ਼ਾਂ ਤੇ ਲਿਖਿਆ ਹੈ। ਜਿਸ ਸੁਭਾ ਅਸੀਂ ਫਰੀਮੇਸਨਾ ਦੇ ਛੋਟੇ ਭਵਨ ਤੇ ਇੱਥੇ, ਜਿੱਥੇ ਅਸੀਂ ਕਰ ਰਹੇ ਸਾਂ…ਜਾਂ ਅਗਲੀ ਸਭਾ ਅਨਾਥ ਆਸ਼ਰਮ ਵਿੱਚ ਕਰ ਰਹੇ ਸਾਂ, ਸੈਕਿੰਡ ਗਲੀ ਤੇ, ਜਿਥੇ ਅਸੀਂ ਬੰਦਗੀ ਕਰ ਰਹੇ ਸਾਂ। ਅਤੇ ਮੈਂ ਇੱਕ ਔਰਤ ਨੂੰ ਖੜ੍ਹੀ ਹੁੰਦੇ ਵੇਖਿਆ, ਜਿੰਨੀ ਕੁ ਉਹ ਬਦਮਾਸ਼ ਹੋ ਸਕੇ ਇਨੀ ਹੀ ਉਹ ਸੀ, ਦੇਸ਼ ਤੇ ਹਾਵੀ ਹੋ ਗਈ, ਅਤੇ ਮੈਂ ਭਵਿੱਖਬਾਣੀ ਕਰਦਾ ਕਿ ਇਹ ਔਰਤ ਇੱਕ ਪ੍ਰੇਜੀਡੈਂਟ (ਰਾਸ਼ਟਰਪਤੀ) ਹੋਵੇਗੀ ਜਾਂ…ਬਣਾਏਗੀ ਜਾਂ ਸੰਸਾਰ ਦੀ ਸੰਪੂਰਨ ਤਬਾਹੀ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਵਿੱਚ ਕਿਸੇ ਤਰ੍ਹਾਂ ਦੇ ਵੱਡੇ ਸ਼ਕਤੀਸ਼ਾਲੀ ਅਧੀਕਾਰ ਵਿੱਚ ਕੋਈ ਤਾਕਤ ਉਠੇਗੀ, ਮੈਂ ਦੱਸ ਦਿੱਤਾ ਹੈ ਇਹ ਨੂੰ ਦਿਮਾਗ ਵਿੱਚ ਰੱਖੋ।

99 ਹੁਣ ਧਿਆਨ ਦਿਓ ਕੀ ਬੀਤਦਾ ਹੈ, ਈਜ਼ਬਲ ਉਹ ਆਹਾਬ ਤੇ ਹੁਕਮਰਾਨ ਸੀ। ਉਸ ਨੇ ਸਾਰੇ ਪਾਸਿਉਂ ਉਸ ਨੂੰ ਧਮਕਾਇਆ ਹੋਇਆ ਸੀ। ਇਹ ਹੁੰਦਾ

ਹੀ ਹੈ, ਵਿਚਾਰਾ ਪਾਪਾ...ਜਾਂ, ਮਾਮਾ ਘਰ ਬੱਚਿਆਂ ਕੋਲ ਰਹਿੰਦੀ ਹੈ ਜਦ ਪਤੀ ਸ਼ਰਾਬੀ ਹਾਲਤ ਵਿੱਚ ਬਾਹਰ ਹੁੰਦਾ ਸੀ ਹੁਣ ਇੱਥੇ ਵਿਚਾਰਾ ਪਾਪਾ ਘਰ ਬੱਚਿਆਂ ਦੀ ਰਾਖੀ ਰੱਖਦਾ ਜਦ ਕਿ ਸ਼ਰਾਬੀ ਔਰਤ ਘਰੋਂ ਬਾਹਰ ਹੈ। ਹੁਣ ਇਹ ਮਜਾਕ ਨਹੀ ਹੈ। ਇਹ ਸੱਚਾਈ ਹੀ ਹੈ। ਮੈਂ ਧਰਮੀ ਲੋਕਾਂ ਬਾਰੇ ਗੱਲ ਨਹੀ ਕਰ ਰਿਹਾ ਹਾਂ। ਨਹੀ ਸ਼੍ਰੀਮਾਨ ਜੀ। ਮੈਂ ਸਿਰਫ ਉਹ ਆਤਮਾ ਜੋ ਸੰਸਾਰ ਅੰਦਰ ਹੈ ਵਿਖਾ ਰਿਹਾ ਹਾਂ।

100 ਹੁਣ ਧਿਆਨ ਦਿਓ। ਕੀ ਇਹ ਇੱਕ ਹੋਰ ਠਾਠਦਾਰ ਸ਼ਾਨ ਨਾ ਸੀ... ਅਹਾਬ ਦੇ ਸਮੇਂ ਤੇ ਧਿਆਨ ਦਿਓ, ਦੇਸ਼ ਨੇ ਕੇਡੀ ਵਧੀਆ ਤਰੱਕੀ ਕੀਤੀ ਸੀ। ਔਹ ਮੇਰਿਆ! ਇੱਕ ਵੱਡੀ ਸ਼ਾਨਵਾਲਾ ਯੁੱਗ ਉਸ ਸਮੇਂ ਸੀ। ਇਸਰਾਇਲ ਨੇ ਕਿਸ ਤਰ੍ਹਾਂ ਅਹਾਬ ਦੇ ਇੰਤਜਾਮ ਹੇਠ ਤਰੱਕੀ ਕੀਤੀ ਸੀ। ਉਹ ਮੱਕਾਰ ਸੀ, ਅਤੇ ਅਸਲ ਵਿੱਚ ਉਸ ਦੇ ਪਿੱਛੇ ਹੁਕਮਰਾਨ ਈਜ਼ਬਲ ਸੀ। ਅਤੇ ਉਹ ਹੈ ਇੱਕ...ਬਾਈਬਲ ਦੇ ਵਿਦਵਾਨੋ ਤੁਹਾਡੇ ਲਈ। ਜਿਸ ਤਰ੍ਹਾਂ ਹਨੇਰੇ ਦੇ ਯੁੱਗ ਦੇ ਅੰਦਰ, ਅਹਾਬ ਨੇ ਈਜ਼ਬਲ ਨਾਲ ਸ਼ਾਦੀ ਕੀਤੀ ਅਤੇ ਬੁੱਤ ਪੂਜਾ ਨੂੰ ਯਹੂਦੀ ਧਰਮ ਅੰਦਰ ਲੈ ਆਂਦਾ, ਉਸੇ ਤਰ੍ਹਾਂ ਪ੍ਰੋਟੈਸਟੈਂਟ ਦੇ ਧਰਮ ਨੇ ਕੈਥੋਲਿਕ ਧਰਮ ਦੇ ਨਾਲ ਸ਼ਾਦੀ ਕਰਕੇ ਮਸੀਹੀ ਕਲੀਸਿਯਾ ਅੰਦਰ ਮੂਰਤੀ ਪੂਜਾ ਨੂੰ ਵਾਪਸ ਲੈ ਆਂਦਾ ਹੈ। (ਭਾਈ ਬ੍ਰਾਨਹਮ ਇੱਕ ਵਾਰ ਫਿਰ ਮੰਚ ਨੂੰ ਖੜਕਾਉਂਦੇ ਹਨ-ਸੰਪਾਦਕ)

101 ਅਤੇ ਅੱਜ, ਯਾਦ ਰਹੇ ਪ੍ਰੋਟੈਸਟੈਂਟ ਧਰਮ ਇੱਕ ਕੰਜਰੀ ਸਦਾਈ ਸੀ, ਇਸ ਲਈ ਉਹ ਇੱਕ ਵੇਸ਼ਵਾ ਵੀ ਕੰਜਰੀ ਸਦਾਉਂਦੀ ਸੀ। ਇਸ ਨੂੰ ਯਾਦ ਰੱਖੋ। ਇਸ ਲਈ ਭਾਂਡਾ ਕੇਤਲੀ ਨੂੰ ਕਾਲਾ ਨਹੀ ਕਹਿ ਸਕਦਾ, ਤਲੇ ਜਾਣ ਵੇਲੇ ਤੁਸੀਂ ਅੱਗ ਵਿਚੋਂ ਛਾਲ ਮਾਰ ਕੇ...ਤਲਣ ਵਾਲੇ ਭਾਂਡੇ ਵਿਚੋਂ, ਅੱਗ ਵਿਚੋਂ ਛਾਲ ਮਾਰ ਕੇ, ਆਪਣੀ ਮਦਦ ਆਪ ਨਹੀ ਕਰ ਸਕਦੇ।

102 ਪਰ, ਆਉ ਸੱਚਾਈ ਤੇ ਧਿਆਨ ਕਰੀਏ। ਸੱਚਾਈ ਹੈ ਜੋ ਅਸੀਂ ਚਾਹੁੰਦੇ ਹਾਂ। ਅਸੀਂ ਸਦੀਪਕਤਾ ਲਈ ਠਹਿਰਾਏ ਜਾ ਚੁੱਕੇ ਹਾਂ, ਅਤੇ ਅਸਾਂ ਖੁਦਾ ਨੂੰ ਮਿਲਣਾ ਹੀ ਹੈ। ਅਤੇ ਆਉ ਅਸੀਂ ਸਚਾਈ ਨੂੰ ਭਾਲੀਏ।

103 ਹੁਣ ਮੈਂ ਚਾਹੁੰਦਾ ਹਾਂ ਕਿ ਤੁਸੀਂ ਧਿਆਨ ਦਿਓ, ਜੇਕਰ ਤੁਸੀਂ ਦੇਵੋਗੇ ਤਾਂ। ਇਉਂ ਹੋਇਆ...ਹਮੇਸ਼ਾ ਖੁਦਾ ਪੂਰਾ ਕਰਦਾ ਹੈ...ਜਾਂ, ਪਹਿਲੀ ਗੱਲ ਯਹੋਸ਼ਾਫਾਤ ਧਰਮੀ ਬੰਦਾ, ਅਹਾਬ ਦੀ ਮੁਲਾਕਾਤ ਲਈ ਆਉਂਦਾ ਹੈ, ਤਦੋਂ ਹੀ ਉਹ ਆਪ ਨੂੰ ਮੁਸ਼ਕਲਾਤ ਅੰਦਰ ਪਾਉਂਦਾ ਹੈ।

104 ਤੁਸੀਂ ਸਹੀ ਅਤੇ ਗਲਤ ਨੂੰ ਇਕੱਠੇ ਮਿਲਾ ਨਹੀ ਸਕਦੇ ਅਤੇ ਉਨ੍ਹਾਂ ਵਿਚੋਂ ਕੋਈ ਚੀਜ਼ ਹਾਸਲ ਕਰੋ। ਤੁਸੀਂ ਪਾਣੀ ਵਿੱਚ ਤੇਲ ਮਿਲਾ ਨਹੀ ਸਕਦੇ, ਇਹ

ਨਹੀ ਮਿਲੇਗਾ। ਨਾ ਹੀ ਤੁਸੀਂ ਆਪਣੀ ਸਭਾ ਅਤੇ ਸਮਾਜ ਦੇ ਸੰਬੰਧ ਨੂੰ ਸੰਸਾਰ ਦੀਆਂ ਚੀਜਾਂ ਅੰਦਰ ਰਲਾ ਸਕਦੇ ਹੋ ਅਤੇ ਫਿਰ ਜੇਤੂ ਜੀਵਨ ਗੁਜਾਰ ਸਕੋ। ਬਾਈਬਲ ਵਿੱਚ ਆਖਿਆ ਗਿਆ ਹੈ, "ਉਨ੍ਹਾਂ ਵਿਚੋਂ ਬਾਹਰ ਆ ਜਾਓ, ਅਤੇ ਵੱਖ ਰਹੋ, ਪ੍ਰਭੂ ਫਰਮਾਉਂਦਾ ਹੈ।" ਹੁਣ, ਸਮਝੇ?

ਪਰ...ਤੁਸੀਂ ਆਖਦੇ ਹੋ, "ਖੈਰ ਭਾਈ ਬ੍ਰਾਨਹਮ।"

105 ਮੈਂ-ਮੈਂ ਜਾਣਦਾ ਹਾਂ, ਪਰ ਤੁਸੀਂ ਆਪਣੀ ਹੁਸ਼ਿਆਰੀ ਨੂੰ ਵਰਤ ਰਹੇ ਹੋ। ਇਹ ਵਚਨ ਦੇ ਵਿਰੁੱਧ ਹੈ (ਭਾਈ ਬ੍ਰਾਨਹਮ ਚਾਰ ਵਾਰ ਮੰਚ ਖੜਕਾਉਂਦੇ ਹਨ-ਸੰਪਾਦਕ) ਅਤੇ ਵਚਨ ਸੱਚਾਈ ਹੈ। ਮੈਂ ਵਚਨ ਦੀ ਨਿਹਚਾ ਕਰਦਾ ਹਾਂ।

106 ਹੁਣ ਧਿਆਨ ਦਿਉ ਯਹੋਸ਼ਾਫਾਤ ਹੇਠਾਂ ਨੂੰ ਅਹਾਬ ਨੂੰ ਮਿਲਣ ਲਈ ਆਇਆ, ਔਹ ਉਸ ਨੇ ਵੱਡੀ ਦਾਵਤ ਕੀਤੀ। ਪੱਕੀ ਗੱਲ ਹੈ। ਅਸੀਂ ਅੱਜ ਇਸ ਨੂੰ ਗਲੀ ਵਿੱਚ ਪੇਸ਼ ਕਰਨ ਲਈ ਕੀ ਆਖਾਂਗੇ, "ਇੱਕ ਐਲਾਨ।" ਉਨ੍ਹਾਂ ਹਰੇਕ ਨੂੰ ਸੱਦਾ ਦਿੱਤਾ ਉਨ੍ਹਾਂ ਬਲਦ ਕੱਟ ਲਿਆ ਅਤੇ ਭੇਡ ਇਸੇ ਤਰ੍ਹਾਂ ਹੋਰ ਕੁਝ। ਅਤੇ ਉਨ੍ਹਾਂ ਨੇ ਆਪਣੇ ਵਿੱਚਕਾਰ ਵੱਡੀ ਦਾਵਤ ਮਨਾਈ।

ਅਤੇ ਉਹੀ ਹੈ ਜਦੋਂ ਇੱਕ ਨਿਹਚਾਵਾਨ ਮੁਸ਼ਕਲ ਵਿੱਚ ਪੈਂਦਾ ਹੈ।

107 "ਔਹ, ਮੈਂ ਤੁਹਾਨੂੰ ਦੱਸਦਾ ਹਾਂ, ਬੱਸ ਤੁਸੀਂ ਤੰਗ ਦਿਲੇ ਹੋ, ਉਹ ਛੋਟੀ ਪਵਿੱਤਰ ਜਗ੍ਹਾ। ਬਸ ਸਭ ਕੁਝ ਉਹੀ ਹੈ। ਤੁਹਾਨੂੰ ਵੱਡੇ ਗਿਰਜੇ ਵਿੱਚ ਆਉਣਾ ਚਾਹਿਦਾ ਹੈ। ਤੁਹਾਨੂੰ ਆਉਂਣਾ ਹੈ। ਔਹ, ਤੁਹਾਨੂੰ ਵੇਖਣਾ ਚਾਹੀਦਾ ਹੈ! ਸਾਡੇ ਪਾਸਟਰ ਕੋਲ ਡੀ.ਡੀ.ਪੀ.ਐਚ.ਡੀ. ਦੀ ਡਿਗਰੀ ਹੈ।" ਤੁਸੀਂ ਸਮਝੇ, "ਸਾਡਾ-ਸਾਡਾ ਪਾਸਟਰ। ਸਾਡੀ ਗਾਉਣ ਵਾਲੀ ਟੋਲੀ ਇਸ ਤਰ੍ਹਾਂ ਗਾਉਂਦੀ ਹੈ ਜਿਸ ਤਰ੍ਹਾਂ ਕਿ ਫਰਿਸ਼ਤੇ ਗਾਉਂਦੇ ਹਨ।" ਇਸ ਦਾ ਇਹ ਦੇ ਨਾਲ ਕੋਈ ਮਤਲਬ ਨਹੀ ਹੈ। ਜੇਕਰ ਇਹ **ਯਹੋਵਾਹ ਇਉਂ ਫਰਮਾਉਂਦਾ ਹੈ** ਦੇ ਵਿਰੁੱਧ ਹੈ। ਹੁਣ...

108 ਅਤੇ ਜਦ ਉਨ੍ਹਾਂ ਨੇ ਬਲਦ ਬਣਾ ਲਿਆ, ਅਤੇ ਇੱਕ ਵੱਡੀ ਦਾਵਤ ਤਿਆਰ ਕਰ ਲਈ ਸੀ, ਅਹਾਬ ਦਾ ਉਸ ਅੰਦਰ ਵਿਖਾਵੇ ਦਾ ਭਾਗ ਸੀ। ਅਤੇ ਉਸ ਦੇ ਉਦੇਸ਼ ਗਲਤ ਸਨ। ਉਹ ਯਹੋਸ਼ਾਫਾਤ ਨੂੰ ਫੰਧੇ ਵਿਚ ਫਸਾਉਣ ਲਈ ਇੱਕ ਵੱਡਾ ਵਿਖਾਵਾ ਵਿਖਾ ਰਿਹਾ ਸੀ।

109 ਅਤੇ ਅੱਜ ਉਹੀ ਚੀਜ਼ ਸ਼ੈਤਾਨ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। (ਭਾਈ ਬ੍ਰਾਨਹਮ ਮੰਚ ਤੇ ਤਿੰਨ ਵਾਰ ਖੜਾਕ ਕਰਦੇ ਹਨ-ਸੰਪਾਦਕ) "ਖੈਰ, ਸਾਡੀ ਗਿਣਤੀ ਵੱਧ ਹੈ।" ਪੱਕੀ ਗੱਲ ਹੈ।

110 ਖੁਦਾ ਦੀ ਕਲੀਸਿਯਾ ਹਮੇਸ਼ਾ ਘੱਟ ਗਿਣਤੀ ਵਿੱਚ ਹੁੰਦੀ ਹੈ, ਜਦ ਤੱਕ ਯਿਸੂ ਆਉਂਦਾ ਹੈ। "ਛੋਟੇ ਝੰਡ ਨਾ ਡਰ ਤੇਰੇ ਪਿਤਾ ਦੀ ਮਰਜੀ ਹੈ ਕਿ ਪਾਤਸ਼ਾਹੀ

ਤੈਨੂੰ ਦੇਵੇ।" ਸਹੀ ਗੱਲ ਹੈ। ਅਸੀਂ ਘੱਟ ਗਿਣਤੀ ਵਿੱਚ ਹਾਂ ਪਰ ਇਹ ਠੀਕ ਹੀ ਹੈ। ਜਦੋਂ ਖ਼ੁਦਾ ਉਸ ਅੰਦਰ ਪਾਇਆ ਜਾਂਦਾ ਹੈ ਇਹ ਮੇਰੇ ਲਈ ਤਾਂ ਵੱਡੀ ਗਿਣਤੀ ਵਿੱਚ ਹਾਂ ਪਰ ਇਹ ਠੀਕ ਹੀ ਹੈ। ਜਦੋਂ ਤੱਕ ਖ਼ੁਦਾ ਉਸ ਅੰਦਰ ਪਾਇਆ ਜਾਂਦਾ ਹੈ ਇਹ ਮੇਰੇ ਲਈ ਤਾਂ ਵੱਡੀ ਗਿਣਤੀ ਹੀ ਹੈ। ਅਤੇ ਮੈਂ ਜਾਣਦਾ ਹਾਂ ਤੁਹਾਡੇ ਲਈ ਵੀ ਹੈ। ਇਸ ਲਈ, "ਜੇਕਰ ਖ਼ੁਦਾ ਤੁਹਾਡੇ ਨਾਲ ਹੈ ਕੌਣ ਤੁਹਾਡੇ ਵਿਰੁੱਧ ਹੋ ਸਕਦਾ ਹੈ?"

111 ਹੁਣ, ਪਰ ਉਸ-ਉਹ ਦਾ ਇਸ ਪਿੱਛੇ ਉਦੇਸ਼ ਸੀ। ਅਤੇ ਜਦ ਉਸ ਕੀਤਾ, ਉਸ ਆਖਿਆ, "ਹੁਣ ਅਸੀਂ ਸਾਰੇ ਇਥੇ ਜਮ੍ਹਾਂ ਹੋ ਕੇ ਅਜਿਹਾ ਖ਼ੁਸ਼ੀ ਦਾ ਸਮਾਂ ਬਿਤਾ ਰਹੇ ਹਾਂ। ਕੀ ਤੂੰ ਮੇਰੇ ਨਾਲ ਰਾਮੋਥ ਗਿਲਆਦ ਤੇ ਲੜਾਈ ਲਈ ਚੜ੍ਹਾਈ ਕਰੇਂਗਾ? ਅਸਲ ਵਿੱਚ ਆਰਾਮ ਦੇ ਰਾਜੇ ਨੇ ਇਹ ਲੈ ਲਿਆ ਹੈ, ਪਰ ਰਾਮੋਥ ਗਿਲਾਦ ਮੇਰਾ ਹੈ। ਇਹ ਸਹੀ ਗੱਲ ਹੈ। ਹੱਕ ਸਾਡਾ ਹੈ। ਅਸੀਂ ਮੁਢਲੀ ਕਲੀਸਿਯਾ ਹਾਂ। ਹੱਕ ਸਾਡਾ ਹੈ।" ਤੁਸੀਂ ਇਹ ਸਮਝਦੇ ਹੋ?

112 ਅਤੇ ਯਹੋਸ਼ਾਫਾਤ ਨੇ ਆਖਿਆ, "ਖੈਰ ਹੁਣ, ਇਹ ਹੋਣ ਤੇ ਅਸੀਂ ਇੱਕ ਠੀਕ ਸਮਾਂ ਬਿਤਾ ਰਹੇ ਹਾਂ।" ਆਖਿਆ, "ਮੇਰੇ ਮਨੁੱਖ ਤੇਰਿਆਂ ਮਨੁੱਖਾਂ ਵਰਗੇ ਹਨ। ਕਿਉਂ ਜੋ, ਕੁਝ ਵੀ ਹੈ ਅਸੀਂ ਸਭੇ ਨਿਸ਼ਚਾਵਾਨ ਹਾਂ, ਇਸ ਲਈ ਆਉ ਅਸੀਂ ਸਾਂਝੀ ਸਭਾ ਬਣਾਈਏ।" ਉਸ ਇੱਕ ਡਾਢੀ ਗਲਤੀ ਕੀਤੀ। ਉਸ ਕੀਤੀ। ਅਤੇ ਯਹੋਸ਼ਾਫਾਤ ਕਾਫੀ ਆਤਮਕ ਹੁੰਦੇ ਹੋਏ...

113 ਜਿਸ ਤਰ੍ਹਾਂ ਕਿ ਮੈਂ ਆਪਣੇ ਸਾਰੇ ਦਿਲ ਨਾਲ ਨਿਹਚਾ ਕਰਦਾ ਹਾਂ ਇਹ ਸਾਡੇ ਦਿਨ ਵਰਗਾ ਢੰਗ ਸੀ। ਪੱਕੀ ਤਰ੍ਹਾਂ ਕੁਝ ਵੀ ਹੋਵੇ, ਕਿਸੇ ਸਥਾਨ ਤੇ, ਖ਼ੁਦਾ ਸੱਚਿਆਂ ਦੇ ਦਿਲ ਅੰਦਰ ਸੰਦੇਸ਼ ਪਾਏਗਾ। (ਭਾਈ ਬ੍ਰਾਨਹਮ ਤਿੰਨ ਵਾਰ ਮੰਚ ਤੇ ਖੜਾਕ ਕਰਦੇ ਹਨ-ਸੰਪਾਦਕ) ਸ਼ੁਰੂ ਵਿੱਚ ਉਸ ਨੇ ਆਖਿਆ ਸੀ, ਉਹ ਕਰੇਗਾ, ਇਸ ਲਈ ਉਸ ਨੇ ਆਪਣੀ ਯੋਜਨਾ ਨੂੰ ਸਿੱਧਾ ਕਰ ਲਿਆ ਹੈ। ਬਸ... (ਟੇਪ ਖਾਲੀ ਚੱਲਦੀ ਹੈ) ਇਸ ਨਾਲ ਸਿਧੇ ਹੋ ਜਾਓ।

114 ਹੁਣ ਉਸ ਤੇ ਨਿਗਾਹ ਕਰੋ। ਉਸ ਆਖਿਆ, "ਪੱਕੀ ਗੱਲ ਹੈ, ਮੈਂ ਤੇਰੇ ਨਾਲ ਜਾਵਾਂਗਾ। ਪਰ" ਉਸ ਆਖਿਆ, "ਇੱਕ ਮਿੰਟ ਠਹਿਰੋ। ਮੇਰੀ ਨਿਹਚਾ ਹੈ ਜਾਣ ਤੋਂ ਪਹਿਲਾਂ ਸਾਨੂੰ ਖ਼ੁਦਾ ਤੋਂ ਪੁੱਛ ਕਰਨੀ ਚਾਹੀਦੀ ਹੈ। ਕੀ ਇਹ ਤੇਰਾ ਵਿਚਾਰ ਨਹੀ ਹੈ? ਜੇਕਰ ਅਸੀਂ ਨਿਹਚਾਵਾਨ ਹਾਂ ਫਿਰ ਆਉ ਕੋਲੋਂ ਪੁੱਛੀਏ।"

115 "ਖੈਰ", ਅਹਾਬ ਨੇ ਆਖਿਆ, "ਯਕੀਨਨ ਇਹ ਗੱਲ ਠੀਕ ਹੈ। ਔਹ, ਮੈਂ ਇਸ ਤਰ੍ਹਾਂ ਕਿਉਂ ਨਹੀ ਸੋਚਦਾ? ਪੱਕੀ ਤਰ੍ਹਾਂ ਨਾਲ। ਮੈਨੂੰ ਉਸ ਬਾਰੇ ਸੋਚਣਾ ਹੀ ਚਾਹੀਦਾ ਹੈ, ਸਭ ਲਈ।" ਆਖਿਆ, "ਇੱਥੇ ਰਾਸ਼ਟਰ ਅੰਦਰ ਮੇਰੇ ਕੋਲ ਚਾਰ ਸੌ ਵਧੀਆ ਨਬੀ ਹਨ। ਮੈਂ ਉਨ੍ਹਾਂ ਸਭਨਾਂ ਨੂੰ ਵਧੀਆ ਕੱਪੜੇ ਪਾਹਿਨਾਏ ਹਨ।

ਉਨ੍ਹਾਂ ਸਭਨਾਂ ਕੋਲ ਡੀ.ਡੀ.ਡੀ.ਐਸ.ਪੀ.ਐਚ.ਡੀ.ਐਸ. ਦੀਆਂ ਡਿਗਰੀਆਂ ਅਤੇ ਸਾਰੀਆਂ ਚੀਜ਼ਾਂ ਹਨ। ਉਨ੍ਹਾਂ ਕੋਲ ਇੱਕ ਨਬੀਆਂ ਦੀ ਵੱਡੀ ਜੱਥੇਬੰਦੀ ਹੈ ਇਸ ਲਈ ਮੈਂ ਉਨ੍ਹਾਂ ਨੂੰ ਉੱਪਰ ਲੈ ਆਵਾਂਗਾ, ਅਤੇ ਅਸੀਂ ਵੇਖਾਂਗੇ ਕਿ ਉਹ ਕੀ ਕਹਿੰਦੇ ਹਨ।"

116 ਤੁਸੀਂ ਜਾਣਦੇ ਹੋ, ਉਹ ਦੇ ਨਾਲ ਬਸ ਯਹੋਸ਼ਾਫਾਤ ਤੇ ਠੀਕ ਅਸਰ ਨਾ ਹੋਇਆ, ਬਸ ਠੀਕ ਨਹੀ। ਉਸ ਕੀਤਾ...

117 ਇਸ ਲਈ ਉਹ ਗਏ ਅਤੇ ਉਨ੍ਹਾਂ ਨੂੰ ਲੈ ਆਏ ਸਾਰੇ ਚਾਰ ਸੌ ਨਬੀ ਠੀਕ ਤਰ੍ਹਾਂ ਤਕੜੇ ਸੁੱਚਜੇ ਢੰਗ ਨਾਲ ਬਸਤਰ ਪਹਿਨੇ ਹੋਏ। ਅਹਾਬ ਨੇ ਉਨ੍ਹਾਂ ਨੂੰ ਆਪਣੇ ਨਾਲ ਬਿਠਾ ਲਿਆ। ਔਹ, ਉਸ ਨੇ ਉਨ੍ਹਾਂ ਨੂੰ ਉਹ ਕੰਮ ਕਰਨ ਵਾਲੇ ਬਣਾ ਦਿੱਤਾ ਜੋ ਉਹ ਨੇ ਕਰਨ ਲਈ ਆਖਿਆ।

118 ਤੁਹਾਡੀ ਇਹੀ ਗੱਲ ਹੈ। ਤੁਹਾਡੀ ਇਹੀ ਕਹਾਣੀ ਹੈ। ਔਹ, ਯਕੀਨਨ, "ਸਾਡੇ ਕੋਲ ਇੱਥੇ ਸ਼ਾਨਦਾਰ ਸਥਾਨ ਸ਼ਾਨਦਾਰ ਗਿਰਜੇ ਹਨ।" ਪਰ ਬਹੁਤ ਵਾਰ ਜੇਕਰ ਪ੍ਰਚਾਰਕ ਵੀਹਾਂ ਮਿੰਟਾਂ ਤੋਂ ਵੱਧ ਪ੍ਰਚਾਰ ਕਰੇ, ਡੀਕਨਾਂ ਦੀ ਮੰਡਲੀ ਉਹ ਨੂੰ ਹਟਾ ਦੇਵੇਗੀ। ਪਰ, ਤੁਹਾਡਾ ਦਿਲ ਧੰਨ ਹੈ, ਇੱਕ ਖੁਦਾ ਦਾ ਆਦਮੀ ਉਸ ਮੂਰਖਤਾਈ ਨੂੰ ਨਹੀ ਸੁਣਦਾ। ਠੀਕ। ਜੇ ਕਰ ਉਹ ਅਜਿਹੇ ਪਾਪ ਵੱਲ ਝੁੱਕ ਜਾਂਦਾ ਹੈ, ਕਿਉਂ, ਸਾਡੀ ਸਭਾ ਵੋਟ ਪਾ ਕੇ ਉਹ ਨੂੰ ਕੱਢ ਦੇਵੇਗੀ, ਪਰ ਇਹ ਕਿਉਂ ਹੁੰਦਾ ਹੈ ਕਿਉਂਜੋ ਉਹ ਇੱਕ ਜੱਥੇਬੰਦੀ ਅੰਦਰ ਹੈ। ਪਰ ਖੁਦਾ ਦੀ ਕਲੀਸਿਯਾ ਅੰਦਰ ਤੁਹਾਨੂੰ ਬਾਹਰ ਕਢਣ ਜਾਂ ਅੰਦਰ ਲਿਆਉਣ ਲਈ ਵੋਟ ਨਹੀ ਪਾਏ ਜਾਂਦੇ। ਤੁਸੀਂ ਇੱਕ ਵਾਰ ਇਸ ਅੰਦਰ ਪੈਦਾ ਹੋ ਗਏ ਤੁਸੀਂ ਹਮੇਸ਼ਾ ਲਈ ਸਦੀਪਕ ਕਾਲ ਵਾਸਤੇ ਹੋ। ਸਿਰਫ ਖੁਦਾ ਹੀ ਤੁਹਾਨੂੰ ਬਾਹਰ ਕਢ ਸਕਦਾ ਹੈ, ਪਰ ਉਸ ਨੇ ਆਪਣੀ ਕਸਮ ਖਾ ਕੇ ਆਖਿਆ ਹੈ ਉਹ ਇਸ ਤਰ੍ਹਾਂ ਨਹੀ ਕਰੇਗਾ। ਆਮੀਨ। ਤੁਹਾਨੂੰ ਅੰਦਰ ਲਿਆਉਣ ਤੋਂ ਪਹਿਲਾਂ ਹੀ ਉਹ ਜਾਣਦਾ ਹੈ ਤੁਸੀਂ ਕਿਸ ਚੀਜ਼ ਦੇ ਬਣੇ ਹੋ। ਉਹ ਕਿਸ ਤਰ੍ਹਾਂ ਦਾ ਢਿਲ੍ਹਾ ਵਿਉਪਾਰ ਨਹੀ ਕਰਦਾ ਜਿਸ ਤਰ੍ਹਾਂ ਸਾਡੀਆਂ ਅੱਜ ਦੀਆਂ ਜੱਥੇਬੰਦੀਆਂ ਕਰਦੀਆਂ ਹਨ, ਉਨ੍ਹਾਂ ਨੂੰ ਤੀਹਾਂ-ਤੀਹਾਂ ਦਿਨਾਂ, ਜਾਂ ਸੱਠਾਂ ਦਿਨਾਂ ਜਾਂ ਨੱਬੇ ਦਿਨਾਂ ਜਾਂ ਪਰਖ ਦੇ ਸਮੇਂ ਲਈਅੰਦਰ ਰਲਾ ਲੈਂਦੀਆਂ ਹਨ। ਉਹ ਉਨ੍ਹਾਂ ਦੇ ਕਲੀਸਿਯਾ ਅੰਦਰ ਆਉਣ ਇੱਥੋਂ ਤੱਕ ਕਿ ਉਨ੍ਹਾਂ ਦੇ ਬੋਲਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਜਾਣਦਾ ਹੈ। ਉਹ ਨੂੰ ਪੱਕੇ ਤੌਰ ਤੇ ਪਤਾ ਹੈ ਕਿ ਉਹ ਕਿਸ ਚੀਜ਼ ਦੇ ਬਣੇ ਹੋਏ ਹਨ। ਇਹੀ ਕਾਰਨ ਹੈ ਕਿ ਨਵੇਂ ਜਨਮ ਨੂੰ ਲੈਣਾ ਹੀ ਪਏਗਾ।

119 ਹੁਣ, ਜਦ ਉਹ ਉਨ੍ਹਾਂ ਸਭਨਾਂ ਨੂੰ ਉੱਥੇ ਹੇਠਾਂ ਲੈ ਆਇਆ, ਅਤੇ ਉਹ ਆਪਣੇ ਸਿੰਘਾਸਣ ਤੇ ਬੈਠ ਗਿਆ ਦੂਸਰਾ ਆਪਣੇ ਸਿੰਘਾਸਨ ਤੇ ਬੈਠ ਗਿਆ,

ਅਤੇ ਉਹ ਉੱਥੇ ਬੈਠ ਗਏ। ਅਤੇ ਬੋਲਿਆ, "ਸਾਰੇ ਪ੍ਰਚਾਰਕ ਨਬੀਆਂ ਨੂੰ ਲਿਆਓ।" ਅਤੇ ਉਹ ਸਭੇ ਬਾਹਰ ਆ ਗਏ, ਅਤੇ ਫੌਜੀਆਂ ਵਾਲੀ ਪੈਂਤੜਬਾਜੀ ਬੰਨ ਲਈ। ਅਤੇ ਉਨ੍ਹਾਂ ਕੋਲ ਇੱਕ ਮਹਾਨ ਸਮਾਂ ਸੀ, ਬਿਲਕੁਲ ਠੀਕ।

120 ਉਸ ਆਖਿਆ, "ਹੁਣ, ਕੀ ਉਹ ਸੁੰਦਰ ਨਹੀ ਵਿਖਾਈ ਦੇ ਰਹੇ? ਉਸ ਭਾਸ਼ਾ ਨੂੰ ਸੁਣੋ ਜੋ ਉਹ ਇਸਤੇਮਾਲ ਕਰਦੇ ਹਨ।" ਔਹ, ਮੇਰਿਆ! ਉਹ ਕਿਸ ਤਰ੍ਹਾਂ ਦੀ ਉੱਚੀ ਸੁਰ ਨਾਲ ਬੋਲ ਸਕਦੇ ਹਨ, ਤੁਸੀਂ ਜਾਣਦੇ! (ਭਾਈ ਬ੍ਰਾਨਹਮ ਫਿਰ ਇੱਕ ਵਾਰ ਆਪਣੇ ਹੱਥਾਂ ਨਾਲ ਤਾਲੀ ਮਾਰਦੇ ਹਨ-ਸੰਪਾਦਕ) ਔਹ, ਹਾ-ਹਾ-ਹਾ ਮਨੁੱਖਾਂ (ਦੀ ਬੱਲੇ-ਬੱਲੇ) ਅਤੇ ਉਨ੍ਹਾਂ ਦੇ ਸਾਰੇ ਅਭਿਆਸ ਜੋ ਉਨ੍ਹਾਂ ਨੇ ਕੀਤੇ। ਉਨ੍ਹਾਂ ਦੀ ਸਾਰੀ ਗੜਬੜ ਸੀ ਜੋ ਉਹ ਕਰ ਰਹੇ ਸਨ, ਉਨ੍ਹਾਂ ਨੇ ਸਾਰੀ ਕੀਤੀ ਸੀ।

121 ਇਸ ਲਈ ਪਹਿਲੀ ਗੱਲ ਤੁਸੀਂ ਜਾਣੋ, ਉਸ ਆਖਿਆ, "ਚੜ੍ਹਾਈ ਕਰੋ! ਪ੍ਰਭੂ ਆਖਦਾ ਹੈ, ਉੱਪਰ ਨੂੰ ਜਾਓ!"

122 ਉਸ ਆਖਿਆ, "ਯਹੋਸ਼ਾਫਾਤ ਤੁਸੀਂ ਹੁਣ ਵੇਖੋ? ਵੇਖੋ ਆਖਰਕਾਰ ਮੈਂ ਠੀਕ ਸਾਂ।"

123 ਕਿਉਂ? ਜੋ ਉਨ੍ਹਾਂ ਨੂੰ ਪਤਾ ਸੀ ਕਿ ਆਖਣਾ ਹੈ। ਉਹ ਸੁੱਚਜੇ ਢੰਗ ਨਾਲ ਜਾਣਦੇ ਸਨ ਕਿ ਕੀ ਕਹਿਣਾ ਹੈ, ਜਾਂ ਉਹ ਆਪਣਾ ਸ਼ਨਾਖਤੀ ਕਾਰਡ ਗੁਆ ਬੈਠਦੇ। ਔਹ, ਹਾਂ ਸ਼੍ਰੀਮਾਨ ਜੀ। ਜਿਲ੍ਹੇ ਦਾ ਮੁਖੀਆ ਆਇਆ, ਅਤੇ ਸੂਬੇ ਦਾ ਵੱਡਾ ਪਾਦਰੀ ਵੀ, ਮੇਰਾ ਮਤਲਬ ਹੈ, ਜੇਕਰ ਉਹ ਰੋਟੀ ਦੇਣ ਵਾਲੇ ਬਾਰੇ ਚੰਗੀਆਂ ਗੱਲਾਂ ਨਾ ਆਖਦੇ ਤਾਂ ਉਹ ਝੱਟ ਕਢ ਦਿੱਤੇ ਜਾਂਦੇ। ਕਾਰਨ ਇਹ ਸੀ, ਬਸ ਜੋ ਕੁਝ ਉਹ ਜਾਣਦੇ ਸਨ, ਕੁਝ ਵੀ ਹੋਵੇ, ਖਾਣ ਵਾਲੇ ਸੌਦੇ ਬਾਰੇ ਹੀ।

124 ਮੈਂ ਖੁਸ਼ ਹਾਂ ਇੱਕ ਹੱਥ ਹੈ, ਉਹ ਡਰਾਉਣਾ ਹੱਥ ਹੈ ਜੋ ਖੁਦਾ ਦੀ ਕਲੀਸਿਯਾ ਨੂੰ ਖਵਾਉਂਦਾ ਹੈ।

125 ਧਿਆਨ ਦਿਓ। ਫਿਰ ਮੈਂ ਉਨ੍ਹਾਂ ਸਭਨਾਂ ਨੂੰ ਅਗੰਮ ਵਾਕ ਕਰਕੇ ਵੇਖਦਾ ਹਾਂ, ਔਹ, ਹਾਂ, ਪਾਤਸ਼ਾਹ! **ਯਹੋਵਾਹ ਇਉਂ ਫਰਮਾਂਉਂਦਾ ਹੈ,** 'ਉੱਪਰ ਵੱਲ ਚੜ੍ਹ ਜਾ'। ਅਤੇ ਹੁਣ ਹੈਰਾਨੀ ਵਾਲੀ ਗੱਲ ਇਹ ਹੈ ਉਹ ਅਸਲ ਵਿੱਚ ਸਭ ਮਸਹ ਕੀਤੇ ਹੋਏ ਹਨ।

126 ਪਰ ਹੁਣ ਧਿਆਨ ਦਿਓ। ਪਰ ਇਸ ਤਰ੍ਹਾਂ ਦੇ ਮਸਹ ਨੇ ਖੁਦਾ ਦੇ ਬੰਦੇ ਯਹੋਸ਼ਾਫਾਤ ਨੂੰ ਨਾ ਛੂਹਿਆ। ਉਸ ਆਖਿਆ, "ਇੱਕ ਮਿੰਟ ਲਈ ਠਹਿਰੋ, ਮੇਰੀ ਨਿਹਚਾ ਹੈ ਕਿ ਮੈਂ ਇੱਥੇ ਗਲਤੀ ਕੀਤੀ ਹੈ। ਕੋਈ ਗਲਤੀ ਹੈ, ਮੈਨੂੰ ਇਸ ਵਿਚ ਰਲਣਾ ਨਹੀ ਚਾਹੀਦੀ ਹੈ।" "ਔ-ਹੂ, ਪਾਤਸ਼ਾਹ ਸ਼੍ਰੀਮਾਨ ਅਹਾਬ ਮੈਨੂੰ ਮਾਫ਼ੀ ਦੇਣੀ, ਪਰ, ਔ, ਕੀ ਤੇਰੇ ਕੋਲ ਹੋਰ ਕੋਈ ਇੱਕ ਦੂਸਰਾ ਨਬੀ ਹੈ?"

127 ਕਿਉਂਜੋ, ਆਹਾਬ ਨੇ ਆਖਿਆ, "ਖੈਰ, ਸਾਡੇ ਕੋਲ, ਵਧੀਆ ਵਿਦਵਾਨ ਮਨੁੱਖ ਚਾਰ ਸੌ ਹਨ, ਜੋ ਇੱਕ ਮਹਾਨ ਮਨ ਅਤੇ ਇੱਕ ਰਾਏ ਹਨ, ਅਤੇ ਹੋ ਕੇ ਕਹਿ ਰਹੇ ਹਨ, '*ਇਹ* ਖੁਦਾ ਦੀ ਮਰਜ਼ੀ ਹੈ! *ਇਹ* ਖੁਦਾ ਦੀ ਮਰਜ਼ੀ ਹੈ!'"

128 ਉਸ ਆਖਿਆ, "ਕੁਝ ਵੀ ਹੈ, ਇਹ ਠੀਕ ਨਹੀ ਲਗਦਾ ਹੈ," ਉਸ ਦੇ ਮਨ ਵਿੱਚ ਠੀਕ ਨਾ ਲੱਗਾ ਸੀ, ਆਮੀਨ। ਔਹ, ਤੁਸੀਂ ਤਿਆਰ ਹੋ? ਉਹ ਗੱਲ ਇੱਥੇ ਹੈ। ਉਹ ਜਾਣ ਗਿਆ ਕਿ ਇਹ ਖੁਦਾ ਦੇ ਵਚਨ ਵਾਂਗ ਨਹੀ ਲੱਗਦਾ ਹੈ, "ਬਸ ਕੀ ਕੋਈ ਹੋਰ ਦੂਸਰਾ ਇੱਕ ਵੀ ਨਹੀ ਹੈ?"

129 ਹੁਣ ਸੁਣੋ, ਆਹਾਬ ਨੇ ਆਖਿਆ, "ਹਾਂ, ਸਾਡੇ ਕੋਲ ਇਕ ਪਵਿੱਤਰ ਪਾਖੰਡੀ ਹੈ, ਸਾਡੇ ਕੋਲ ਇੱਕ ਮਿਕਾਯਾਹ ਨਾਮ ਦਾ ਹੈ। ਪਰ ਮੈਂ ਉਸ ਤੋਂ ਨਫਰਤ ਕਰਦਾ ਹਾਂ।" ਔਹ, ਹਾਂ। "ਇੱਕ ਸਾਡੇ ਕੋਲ ਹੋਰ ਹੈ, ਪਰ ਉਹ ਦਾ ਸੰਬੰਧ ਸਾਡੀ ਜੱਥੇਬੰਦੀ ਨਾਲ ਨਹੀ ਹੈ। ਉਨ੍ਹਾਂ ਨੇ ਉਸ ਨੂੰ ਬਹੁਤ ਦੇਰ ਦਾ ਕਢ ਦਿੱਤਾ ਹੈ। ਉਹ ਉੱਥੇ ਕੀਤੇ ਪਹਾੜ ਤੇ ਹੈ। ਉਸ ਦਾ ਨਾਮ ਮਿਕਾਯਾਹ ਹੈ।"

130 ਯਹੋਸ਼ਾਫਾਤ ਨੇ ਆਖਿਆ, "ਬਸ ਮੈਂ ਸੁਣਨਾ ਚਾਹੁੰਦਾ ਹਾਂ ਕਿ ਉਹ ਕੀ ਆਖਦਾ ਹੈ।" ਆਮੀਨ। ਤੁਸੀਂ ਇਹ ਵੇਖੋ? ਅੱਜ ਦੀ ਇੱਕ ਮਿਸਾਲ ਹੈ। "ਕੀ ਇਹ ਇੱਕ ਹੋਰ ਨਹੀ ਹੈ?"

131 ਉਸ ਆਖਿਆ, "ਹਾਂ, ਪਰ ਉਹ ਇੱਕ ਕੱਟੜਵਾਦੀ ਹੈ। ਬਸ ਉਹ ਹਮੇਸ਼ਾ ਮੇਰੇ ਬਾਰੇ ਭੈੜੀਆਂ ਗੱਲਾਂ ਕਰਦਾ ਹੈ।" ਹੋਰ ਕੁਝ ਉ ਕਿਸ ਤਰ੍ਹਾਂ ਆਖ ਵੀ ਸਕਦਾ ਸੀ ਜਦ ਕਿ ਖੁਦਾ ਦਾ ਵਚਨ ਉਸ ਬਾਰੇ ਭੈੜੀਆਂ ਗੱਲਾਂ ਕਹਿੰਦਾ ਹੈ! "ਕਿਉਂਕਿ ਉਹ ਸਾਡੀ ਜੱਥੇਬੰਦੀ ਦੇ ਵਿਰੁੱਧ ਵੀ ਹੈ। ਕਿਉਂ ਜੋ ਉਹ ਕਲੀਸਿਯਾ ਨੂੰ ਖਿਲਾਰਨ ਵਾਲਾ ਹੈ। ਇਹੋ ਸਭ ਉਹ ਦੇ ਕਰਨ ਲਈ ਹੈ। ਖੈਰ ਨਬੀਆਂ ਨੇ ਉਹ ਨੂੰ ਠੰਡਿਆਂ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਉਹ ਨੂੰ ਯੋਗ ਹੋਣ ਦੀ ਪਦਵੀ ਦੇਣ, ਪਰ, ਔਹ, ਤਾਂ ਵੀ ਨਹੀ ਮੰਨਦਾ ਉਹ ਉੱਥੋਂ ਦਗੜ-ਦਗੜ ਭੱਜ ਜਾਂਦਾ ਹੈ। ਉਹ ਇੱਕ ਪੁਰਾਣਾ ਕਟੜਵਾਦੀ ਹੈ।" ਸਮਝੇ?

132 ਯਹੋਸ਼ਾਫਾਤ ਵਿੱਚ ਉਸ ਨੂੰ ਜਾਣਨ ਲਈ ਕਾਫੀ ਖੁਦਾ ਦਾ ਆਤਮਾ ਵਾਸ ਕਰਦਾ ਸੀ, ਜੋ ਉਸ ਦੇ ਡੈਡੀ ਤੋਂ ਸੀ, ਉਸ ਆਖਿਆ, ਜਾਉ ਉਸੇ ਨੂੰ ਲੈ ਕੇ ਆਉ, "ਮੈਂ ਉਸ ਨੂੰ ਸੁਣਨਾ ਚਾਹੁੰਦਾ ਹਾਂ।"

133 "ਖੈਰ, ਮੈਂ ਤੁਹਾਨੂੰ ਚੇਤਾਵਨੀ ਦਿੰਦਾ ਹਾਂ, ਉਹ ਕੜ੍ਹੀ ਘੋਲਦਾ ਅਤੇ ਹੋਰਨਾਂ ਸਭ ਕੁਝ ਕਰਦਾ ਹੈ। ਬਸ ਉਸ ਕੋਲ ਅਹੁਦਾ ਨਹੀ ਹੈ ਜੋ ਇਹਨਾਂ ਹੋਰਨਾ ਕੋਲ ਹੈ।"

"ਮੈਂ ਉਸ ਨੂੰ ਸੁਣਨਾ ਚਾਹੁੰਦਾ ਹਾਂ।"

"ਮੇਰੀ ਭੇਡ ਮੇਰੀ ਆਵਾਜ਼ ਸੁਣਦੀ ਹੈ। ਉਹ ਓਪਰੇ ਦੇ ਪਿੱਛੇ ਨਹੀ ਜਾਏਗੀ।"

134 ਯਹੋਸ਼ਾਫਾਤ ਜੋ ਖੁਦਾ ਦੇ ਲੇਲਿਆਂ ਵਿਚੋਂ ਇੱਕ ਸੀ ਉਸ ਨਾਲ ਇਹ ਬੀਤਿਆ। ਉਸ ਆਖਿਆ, "ਇਹ ਬਸ ਸਹੀ ਨਹੀ ਲੱਗਦਾ ਹੈ।" ਇਸ ਅੰਦਰ ਅਸਲੀਅਤ ਨਹੀ ਹੈ...ਇਸ ਵਿੱਚ ਛਣ-ਛਣ ਕਰਨ ਵਾਲੀ ਅਵਾਜ਼ ਤਾਂ ਹੈ, ਪਰ ਛੈਣਿਆਂ ਵਾਲਾ ਛੱਲਾ ਨਹੀ ਹੈ। ਜਿਸ ਤਰ੍ਹਾਂ ਕਿ ਛਣ-ਛਣ ਕਰਨ ਵਾਲੀ ਆਵਾਜ਼ ਦਾ ਹੁੰਦਾ ਹੈ; ਇਹ ਦੀ ਆਵਾਜ਼ ਸਹੀ ਨਹੀ ਹੈ, "ਇਸ ਤਰ੍ਹਾਂ ਹੈ ਜਿਵੇਂ ਗਾਂ ਦੀ ਸੁੱਕੀ ਖਲ੍ਹ ਤੇ ਮਟਰ ਸੁੱਟੀਦੇ ਹਨ," ਜਿਸ ਤਰ੍ਹਾਂ ਰਾਏ ਡੇਵਿਸ ਆਖਦਾ ਹੁੰਦਾ ਸੀ, "ਬਸ ਇਹ ਸਹੀ ਨਹੀ ਲੱਗਦਾ ਹੈ।"

135 ਉਸ ਆਖਿਆ, "ਉਸ ਹਠ ਧਰਮੀ ਨੂੰ ਮੈਨੂੰ ਸੁਣ ਲੈਣ ਦਿਓ, ਜਿਸ ਤਰ੍ਹਾਂ ਤੁਸੀਂ ਦੱਸਦੇ ਹੋ, ਉਹ ਜੋ ਤੁਹਾਡੀ ਜੱਥੇਬੰਦੀ ਵਿੱਚ ਨਹੀ ਰਲਦਾ ਅਤੇ ਉਸ ਕੋਲ ਬਸ ਆਪਣੇ ਹੀ ਖਿਆਲ ਹਨ।" ਕਿਉਂਜੋ ਉਹ ਜਾਣਦਾ ਸੀ ਕਿ ਉਸ ਆਦਮੀ ਕੋਲ ਜਰੂਰ ਸੱਚਾਈ ਹੈ, ਕਿਉਂਜੋ ਉਹ ਜਾਣਦਾ ਸੀ ਕਿ ਉਸ ਤਰ੍ਹਾਂ ਨਹੀ ਹੈ।

ਇਸ ਲਈ, ਉਸ ਆਖਿਆ, "ਫਿਰ ਮੈਂ ਭੇਜਾਂਗਾ ਉਸ ਨੂੰ ਲੈ ਆਉਣ।"

136 ਇਸ ਲਈ ਬਾਹਰ ਉਹ ਪਹਾੜਾਂ ਵੱਲ ਗਏ, ਅਤੇ ਹੇਠਲੇ ਪਾਸੇ ਜਿੱਥੇ ਕਿਤੇ ਉਹ ਪ੍ਰਚਾਰ ਕਰਦਾ ਸੀ ਜਾਂ ਇੱਕ ਛੋਟੀ ਮਿਸ਼ਨ। ਅਤੇ ਇੱਕ ਜਣਾ ਦੌੜਦੇ ਉੱਥੇ ਆਇਆ।

137 ਅਤੇ ਜਦੋਂ ਉਹ ਗਏ ਹੋਏ ਸਨ, ਔਹ ਮੇਰਿਆ, ਕੀ ਉਹ ਇੱਕ ਝੁੰਝਲਾਹਟ ਵਿੱਚ ਸਨ। ਕਿਉਂ ਇੱਥੋਂ ਤੱਕ ਇੱਕ ਜਣਾ ਸਿਦਕੀਯਾਹ ਨਾਮ ਦਾ ਗਿਆ ਅਤੇ ਆਪਣੇ ਸਿਰ ਤੇ ਸਿੰਗ ਰੱਖ ਲਿਆਇਆ। ਔਹ, ਭਾਈ, ਬਸ ਉਸ ਕੋਲ ਸਹੀ ਪ੍ਰਕਾਸ਼ ਸੀ। ਉਸ ਦੇ ਹੱਥਾਂ ਵਿੱਚ ਤੇਲ ਸੀ, ਅਤੇ ਹਰੇਕ ਚੀਜ਼ ਵੀ, ਉਹ ਆਪਣੇ ਸਮੇਂ ਨੂੰ ਵਰਤ ਰਿਹਾ ਸੀ। ਹਾਂ, ਸ਼੍ਰੀਮਾਨ ਜੀ। "ਔਹ, **ਯਹੋਵਾਹ ਇਉਂ ਫਰਮਾਉਂਦਾ** ਹੈ। ਅਸੀਂ ਕਿਸ ਤਰ੍ਹਾਂ ਇਹਨਾਂ ਸਿੰਗਾਂ ਨਾਲ ਆਰਾਮ ਨੂੰ ਉਨ੍ਹਾਂ ਦੇ ਦੇਸ਼ ਵਿੱਚ ਮੁੜ ਧੱਕ ਕੇ ਲੈ ਜਾਵਾਂਗੇ।" ਉਹ ਆਪਣੇ ਸਮੇਂ ਦੀ ਵਰਤੋਂ ਕਰ ਰਹੇ ਸਨ।

ਇਸ ਲਈ ਹਲਕਾਰਾ ਜੋ ਆਇਆ, ਬੋਲਿਆ, "ਮਿਕਾਯਾਹ?"

ਆਖਿਆ, "ਹਾਂ।"

"ਕੀ ਤੂੰ ਯਿਮਲਾਹ ਦਾ ਪੁੱਤਰ ਹੈਂ?"

"ਹਾਂ ਮੈਂ ਹਾਂ।"

"ਕੀ ਤੂੰ ਨਬੀ ਹੈਂ, ਤੂੰ ਹੀ ਪਵਿੱਤਰ ਪਾਖੰਡੀ ਕੱਟੜ ਪੰਥੀ ਹੈ?"

"ਖੈਰ, ਮੈਂ ਮੰਨਦਾ ਹਾਂ ਮੈਂ ਹੀ ਹਾਂ।"

"ਖੈਰ, ਬਾਦਸ਼ਾਹ ਤੈਨੂੰ ਵੇਖਣਾ ਚਾਹੁੰਦਾ ਹੈ।"

138 "ਔਹ, ਉਹ ਚਾਹੁੰਦਾ ਹੈ?" ਮੀਕਾਯਾਹ ਨੂੰ ਪਹਿਲਾਂ ਹੀ ਪਤਾ ਸੀ, ਨਿਸੰਗ, ਪ੍ਰਭੂ ਨੇ ਉਹ ਨੂੰ ਦੱਸ ਛੱਡਿਆ ਸੀ ਕਿ ਹੇਠਲੇ ਪਾਸੇ ਉਹ ਸਾਰੇ ਇੱਕਠ ਦਾ ਕੀ ਭਾਵ ਹੈ। ਇਸ ਲਈ, ਉਹ ਉੱਠਿਆ।

139 ਇਸ ਲਈ ਉਸ ਆਖਿਆ, "ਹੁਣ ਇੱਕ ਮਿੰਟ ਲਈ ਉਡੀਕੋ। ਇਸ ਤੋਂ ਪਹਿਲਾਂ ਕਿ ਤੁਸੀਂ ਇਸ ਬੇਦਾਰੀ ਨੂੰ ਸ਼ੁਰੂ ਕਰੋ ਮੈਂ ਤੁਹਾਨੂੰ ਦੱਸਦਾ ਹਾਂ ਤੁਸਾਂ ਕੀ ਪ੍ਰਚਾਰਨਾ ਹੈ। ਹੁਣ, ਸਭੇ ਦੂਸਰੇ ਪ੍ਰਚਾਰਿਕ ਇਹਨਾਂ ਚੀਜ਼ਾਂ ਬਾਰੇ ਪ੍ਰਚਾਰ ਨਹੀ ਕਰਦੇ। ਤੁਸੀਂ ਘੋੜਿਆਂ ਦੀ ਦੌੜ ਦੇ ਮੁਕਾਬਲੇ ਬਾਰੇ ਪ੍ਰਚਾਰ ਨਹੀ ਕਰਨਾ, ਅਤੇ ਤੁਸੀਂ ਇਸ ਬਾਰੇ ਕੁਝ *ਨਾ* ਕਹਿਣਾ, ਅਤੇ-ਅਤੇ ਜਾਂ *ਉਸ* ਅਤੇ *ਇਸ* ਬਾਰੇ, ਕਿਉਂ ਜੋ ਤੁਸੀਂ ਵੇਖੋ, ਦੂਸਰੇ ਪ੍ਰਚਾਰਿਕ ਉਸ ਬਾਰੇ ਨਹੀ ਬੋਲਦੇ। ਪਰ ਤੁਸੀਂ ਉਹੋ ਗੱਲ ਆਖੋ ਜੋ ਉਹ ਕਹਿੰਦੇ ਹਨ।" ਹੁਣ ਇਹੋ ਕੁਝ ਸੀ ਜੋ ਅੱਜ ਹੋਵੇਗਾ।

140 ਹੁਣ ਅਸੀਂ ਉਹ ਕਹਿਣ ਜਾ ਰਹੇ ਹਾਂ ਜੋ ਵਚਨ ਦੱਸਦਾ ਹੈ। ਉਸ ਆਖਿਆ, "ਮੀਕਾਯਾਹ, ਦੂਸਰੇ ਨਬੀਆਂ ਨੇ ਸਾਡੇ ਪਾਤਸ਼ਾਹ ਲਈ ਭਲੇ ਦੀ ਭਵਿੱਖਬਾਣੀ ਕੀਤੀ ਹੈ। ਅਤੇ ਹੁਣ, ਤੈਨੂੰ ਪਤਾ, ਉਹ ਇੱਕ ਅਹੁਦੇਦਾਰ ਆਦਮੀ ਹੈ," ਉਸੇ ਤਰ੍ਹਾਂ ਹੁਣ ਵੀ ਜਰੂਰ ਉਹੋ ਗੱਲ ਕਰੀਂ ਜੋ ਦੂਸਰੇ ਕਰ ਰਹੇ ਹਨ ਅਤੇ ਠੀਕ ਅਗੰਮ ਵਾਕ ਕਰੀਂ।

141 ਉਹ ਬੋਲਿਆ, "ਜਿਉਂਦੇ ਯਹੋਵਾਹ ਦੀ ਸੌਂਹ ਜੋ ਕੁਝ **ਯਹੋਵਾਹ ਮੈਨੂੰ ਫਰਮਾਏਗਾ** ਉਹੋ ਹੀ ਬੋਲਾਂਗਾ।" ਆਮੀਨ। ਖੁਦਾ ਸਾਨੂੰ ਮੀਕਾ ਦੇ ਜੋ ਵਚਨ ਨਾਲ ਖੜ੍ਹਾ ਹੋਵੇ। ਚਾਹੇ ਉਸ ਕੋਲ ਸਭ ਖਿਆਲੀ ਗੱਲਾਂ ਨਹੀ ਸਨ ਨਾ ਹੋਣ ਜਿਸ ਤਰ੍ਹਾਂ ਦੂਸਰਿਆਂ ਕੋਲ ਸਨ। ਉਸ ਕੋਲ ਉਹ ਅਹੁਦੇ ਜੋ ਦੂਸਰਿਆਂ ਕੋਲ ਸਨ, ਪੀ. ਐਚ. ਡੀ. ਨਹੀ ਸੀ ਨਾ ਹੋਣ। ਉਸ ਕੋਲ ਹੋ ਸਕਦਾ ਹੈ ਉਸ ਦਾ ਰਾਜਨੈਤਿਕ ਅੰਦਰ ਕੋਈ ਪੱਖ ਨਾ ਪਾਇਆ ਜਾਂਦਾ ਹੋਵੇ। ਹੋ ਸਕਦਾ ਹੈ ਉਸ ਕੋਲ ਲੋਕਾਂ ਨਾਲ ਮੁਹਰਲੀ ਲਾਈਨ ਵਿੱਚ ਖੜ੍ਹੇ ਹੋਣ ਲਈ ਡੀ. ਡੀ. ਦੀ ਵੱਡੀ ਡਿਗਰੀ ਨਾ ਹੋਵੇ। ਪਰ ਉਸ ਕੋਲ ਵਚਨ ਸੀ। ਆਮੀਨ। ਔਹ, ਇਹ ਗੱਲ ਇਹੀ ਹੈ। ਉਹ ਜਾਣਦਾ ਸੀ ਕਿ ਖੁਦਾ ਆਪਣੇ ਵਚਨ ਨੂੰ ਪੂਰਾ ਕਰੇਗਾ। ਇਸ ਲਈ ਉਸ ਆਖਿਆ, "ਬਸ ਮੈਂ ਉਹੋ ਗੱਲ ਕਰਾਂਗਾ ਜੋ ਖੁਦਾ ਮੈਨੂੰ ਕਹਿਣ ਨੂੰ ਕਹੇਗਾ।"

142 ਅਤੇ ਜੇ ਕਰ ਖੁਦਾ ਨੇ ਇਹਨਾਂ ਆਉਣ ਵਾਲੇ ਦਿਨਾਂ ਬਾਰੇ ਅਗੰਮ ਵਾਕ ਕੀਤਾ ਹੈ, ਇਸ ਗਲਤ ਚੀਜ਼ ਬਾਰੇ, ਔਰਤਾਂ ਦੀ ਪੂਰਾ ਜਾਂ ਸੰਤਾਂ ਦੀ ਸਿਫਾਰਸ਼

ਜਾਂ ਸੰਤਾਂ ਵਾਲਾ ਪ੍ਰਭੂ ਭੋਜ, ਜੇਕਰ ਉਹ ਇਹਨਾਂ ਸਭ ਬੇਕਾਰ ਗੱਲਾਂ ਨੂੰ ਰੱਧਦਾ ਹੈ, ਹੋਰ ਦੂਸਰੀਆਂ ਗੱਲਾਂ ਨੂੰ। ਅਤੇ ਆਖਦਾ ਹੈ, ਜਿਸ ਤਰ੍ਹਾਂ ਯੰਨੇਸ ਅਤੇ ਯੰਬਰੇਸ ਮੂਸਾ ਦੀ ਖਿਲਾਫਤ ਕੀਤੀ ਇਸੇ ਤਰ੍ਹਾਂ ਉਹ ਵੀ ਅੰਤਲੇ ਦਿਨਾਂ ਅੰਦਰ ਕਰਨਗੇ। ਮੈਂ ਖੁਦਾ ਦੇ ਵਚਨ ਨਾਲ ਇਹ ਚੀਜ਼ ਦੋਸ਼ੀ ਠਹਿਰਾਉਂਦਾ ਅਤੇ ਗਲਤ ਕਰਾਰ ਦਿੰਦਾ ਹਾਂ।

143 ਵਚਨ ਨਾਲ ਖੜ੍ਹੇ ਰਹੋ। (ਭਾਈ ਬ੍ਰਾਨਹਮ ਮੰਚ ਨੂੰ ਦੋ ਵਾਰ ਖੜਕਾਉਂਦੇ ਹਨ-ਸੰਪਾਦਕ) ਪਰਵਾਹ ਨਾ ਕਰੋ ਤੁਸੀਂ ਕਿੰਨੇ ਕੁ ਵੀ ਜਜਬਾਤ ਨੂੰ ਮਹਿਸੂਸ ਕਰੋ। ਤੁਸੀਂ ਕਿੰਨਾ ਕੁ ਉੱਚਾ ਬੋਲੋ ਜਾਂ ਉਛਲੋ, *ਇਸ* ਨੂੰ ਤੁਸੀਂ ਕਿੰਨਾਂ ਕੁ ਵੀ ਕਰੋ ਜਾਂ *ਦੂਸਰਾ* ਕੁਝ। ਜੇਕਰ ਖੁਦਾ ਦਾ ਆਤਮਾ ਤੁਹਾਨੂੰ ਸਾਫ਼ ਰਹਿਣ ਲਈ ਅਗੁਵਾਈ ਨਹੀ ਕਰਦਾ ਕਿ ਤੁਹਾਡਾ ਜੀਵਨ ਖੁਦਾ ਸਾਹਮਣੇ ਸਾਫ਼ ਹੋਵੇ, ਚੀਜ਼ ਨੂੰ ਰੱਦ ਦੇਣ, ਖੁਦਾ ਚਾਹੁੰਦਾ ਹੈ ਕਿ ਤੁਹਾਡੇ ਵਿਚੋਂ ਤੇਲ ਬਹੇ, ਉਹ ਤੁਹਾਨੂੰ ਜਤੂਨ ਦਾ ਦਰਖਤ ਬਣਾਏਗਾ ਜਾਂ ਇੱਕ ਟੈਕਸਾਸ ਦਾ ਵਧੀਆ ਤੇਲ। ਮੈਨੂੰ ਇਹ ਤੁਹਾਨੂੰ ਦੱਸ ਲੈਣ ਦਿਓ, ਖੁਦਾ ਦਾ ਹਰੇਕ ਚੀਜ਼ ਲਈ ਉਦੇਸ਼ ਹੈ। ਵਚਨ ਨਾਲ ਖੜ੍ਹੇ ਰਹੋ, ਜੋ ਕੁਝ ਬਾਈਬਲ ਦੱਸਦੀ ਹੈ ਉਸ ਤੇ ਖੜ੍ਹੇ ਰਹੋ। ਇਹ ਖੁਦਾ ਦਾ ਉਰੀਮ-ਤੁੰਮੀਮ ਹੈ।

144 ਅਤੇ ਬੁੱਢਾ ਨਬੀ ਮੀਕਾਯਾਹ, ਖੁਦਾ ਦੇ ਵਚਨ ਤੇ ਖੜ੍ਹਾ ਰਹਿ ਕੇ ਉੱਥੇ ਹੇਠਾਂ ਆਇਆ, ਜਿਸ ਤਰ੍ਹਾਂ ਕਿ ਇਹ ਸ਼ੇਰ ਬਹਾਦਰ ਹੁੰਦਾ ਹੈ। ਉਸ ਰਾਤ ਖੁਦਾ ਨੇ ਉਸ ਨੂੰ ਦਰਸ਼ਨ ਦਿੱਤਾ ਸੀ। ਉਹ ਜਾਣਦਾ ਸੀ ਕਿ ਉਹ ਕਿਥੇ ਖੜ੍ਹਾ ਅਤੇ ਨਿਗਾਹ ਕਰਦਾ ਹੈ। ਉਹ ਭਾਈ ਦੂਸਰਿਆਂ ਨੂੰ ਵੀ ਦਰਸ਼ਨ ਹੋਇਆ ਸੀ। ਪਰ ਉਨ੍ਹਾਂ ਦੇ ਦਰਸ਼ਨ ਖੁਦਾ ਦੇ ਵਚਨ ਨਾਲ ਮੇਲ ਨਹੀ ਸੀ ਖਾਂਦੇ। ਪਰ ਮਿਕਾਯਾਹ ਦਾ ਖੁਦਾ ਦੇ ਅਨੁਸਾਰ ਸੀ। ਕਾਰਨ ਇਹ ਹੈ ਕਿ ਏਲਿਯਾਹ ਜਿਸ ਕੋਲ ਖੁਦਾ ਦਾ ਵਚਨ ਸੀ, ਉਸ ਨਬੀ (ਨਿਗਾਹਬਾਨ) ਨੇ ਆਖਿਆ ਹੋਇਆ ਸੀ ਕਿ ਅਹਾਬ ਨਾਲ ਕੀ ਬੀਤੇਗਾ। ਇਸ ਲਈ ਮਿਕਾਯਾਹ ਦੇ ਆਖਣ ਅਨੁਸਾਰ ਚੰਗੀ ਗੱਲ ਹੋ ਵੀ ਕਿਸ ਤਰ੍ਹਾਂ ਸੱਕਦੀ ਸੀ, ਜਦ ਕਿ ਖੁਦਾ ਨੇ ਭੈੜੀ ਗੱਲ ਬੀਤਣ ਲਈ ਆਖੀ ਸੀ? ਇਸ ਲਈ ਉਹ ਖੁਦਾ ਦੇ ਵਚਨ ਨਾਲ ਸੀ।

145 ਭਾਈ ਜੀ ਪਰਵਾਹ ਨਹੀ ਗਿਰਜੇ ਦਾ ਮੀਨਾਰ ਕਿੰਨਾ ਕੁ ਉੱਚਾ ਹੋਵੇ, ਜਾਂ ਲੋਕ ਵਧੀਆ ਬਸਤਰ ਪਾ ਕੇ ਜਾਣ, ਪਾਸਟਰ ਦੀ ਵਿਦਿਆ ਕਿੰਨੀ ਕੁ ਉੱਚੀ ਹੋਵੇ, ਅਤੇ ਇਸ ਬਾਰੇ ਹੋਰ ਕੋਈ ਗੱਲ ਹੋਵੇ, ਜਾਂ ਬਿਸ਼ਪ ਸ਼ਕੀਨ ਕੀ ਆਖਦਾ ਹੈ, ਜਾਂ ਕੋਈ ਹੋਰ ਵੀ ਅਤੇ ਜੇਕਰ ਇਹ ਵਚਨ ਦੇ ਵਿਰੁੱਧ ਹੈ, ਇਸ ਤੋਂ ਦੂਰ ਰਹੋ। ਵਚਨ ਵਿੱਚ ਰਹੋ। ਉਹੀ ਥਾਂ ਹੈ ਜਿਸ ਅੰਦਰ ਖੁਦਾ ਦਾ ਸੱਚਾ ਸੇਵਾਦਾਰ ਪਨਾਹ ਲੈਂਦਾ ਹੈ, ਠੀਕ ਵਚਨ ਉੱਤੇ। ਬਿਲਕੁਲ ਸਹੀ ਹੈ।

146 ਮਿਕਾਯਾਹ ਉੱਪਰ ਆ ਪਹੁੰਚਾ, ਅਤੇ ਉਸ ਨੇ ਆਪਣਾ ਦਰਸ਼ਨ ਵੇਖ ਲਿਆ। ਅਤੇ ਜਦ ਉਸ ਨੇ ਅਗੰਮ ਵਾਕ ਕੀਤਾ, ਅਤੇ ਦਰਸ਼ਨ ਵੇਖਿਆ, ਉਸ ਵੇਖ ਲਿਆ ਕਿ ਦਰਸ਼ਨ ਵਚਨ ਨਾਲ ਪੱਕਾ ਮੇਲ ਖਾਂਦਾ ਹੈ ਕਿ ਉਸ ਨਾਲ ਸਹੀ ਹੈ। ਉਸ ਨੂੰ ਪਤਾ ਸੀ, ਉਸ ਕੋਲ ਹੈ **ਯਹੋਵਾਹ ਇਉਂ ਫਰਮਾਉਦਾ ਹੈ** ਉੱਥੇ ਉੱਪਰ ਆ ਗਿਆ।

147 ਅਤੇ ਪੁੱਛਿਆ, "ਯਿਮਲਾਹ ਦੇ ਪੁੱਤਰ ਮਿਕਾਯਾਹ, ਕੀ ਭਲਾ ਰਾਮੋਥ ਗਿਲਾਦ ਦੇ ਚੜ੍ਹਾਈ ਕਰਾਂ ਜਾਂ ਰੁਕਾਂ?"

ਮਿਕਾਯਾਹ ਨੇ ਆਖਿਆ, "ਚੜ੍ਹਾਈ ਕਰ।"

148 ਆਖਿਆ, "ਹੁਣ ਇਹ ਠੀਕ ਨਹੀ ਜਾਪਦਾ ਹੈ।" ਉਹ ਆਪ ਵੀ ਵਧੀਆ ਜਾਣਦਾ ਸੀ।

149 ਬਸ ਮਸ਼ਹੂਰ ਹੋਣ ਲਈ ਇਹਨਾਂ ਬਹੁਤ ਲੋਕਾਂ ਵਿਚੋਂ ਵੱਡੇ ਪ੍ਰਮਾਣਕ ਕਲਾਕਾਰ ਚੀਜ਼ਾਂ ਨਾਲ ਰਲ ਜਾਂਦੇ ਹਨ। ਉਨ੍ਹਾਂ ਨੂੰ ਫਰਕ ਦਾ ਪਤਾ ਹੁੰਦਾ ਹੈ, ਸੰਸਾਰ ਵਾਲੇ ਆਤਮਾ ਦਾ ਜੀਵਨ ਜੋ ਸੰਸਾਰ ਅੰਦਰ ਕੰਮ ਕਰਦਾ ਹੈ, ਸਾਨੂੰ ਫਰਕ ਦੱਸਦਾ ਹੈ। ਜੇਕਰ ਉਨ੍ਹਾਂ ਦਾ ਇੱਕ ਵੀ ਚਿੰਗਆੜਾ ਬਾਕੀ ਪਾਇਆ ਜਾਂਦਾ ਸੀ। ਉਹ ਆਪਣੇ ਡੱਡੂਆਂ ਵਾਂਗ ਛਾਲਾਂ ਮਾਰਨ ਵਾਲੇ ਖਿਆਲੀ ਵਿਚਾਰਾਂ ਪਿੱਛੇ, ਅਤੇ ਉਡਣ ਵਾਲੇ ਕੀੜਿਆਂ, ਅਤੇ ਹੁਲਾਰੇ ਖਾਣ ਅਤੇ ਛਾਲਾਂ ਮਾਰ ਕੇ ਦੌੜਣ ਵਾਲੀਆਂ ਹਰੇਕ ਚੀਜ਼ਾਂ ਪਿੱਛੇ ਲੱਗੇ। ਜਦ ਕਿ ਉਹ ਜਾਣਦੇ ਹਨ ਕਿ ਉਹ ਉਲਟ ਹਨ। ਪਰ ਉਹ ਜਜਬਾਤੀ ਹੋਣ ਕਰਕੇ ਉਨ੍ਹਾਂ ਮਗਰ ਲੱਗੇ। ਜਜਬਾਤਾਂ ਦਾ ਕੌਣ ਖਿਆਲ ਰੱਖਦਾ ਹੈ?

150 ਮੈਂ ਚਾਹੁੰਦਾ ਹਾਂ **ਯਹੋਵਾਹ ਇਉਂ ਫ਼ਰਮਾਉਂਦਾ ਹੈ**। ਇਹ ਸਹੀ ਗੱਲ ਹੈ, ਵਚਨ ਕੀ ਆਖਦਾ ਹੈ। ਹੁਣ ਮੈਂ ਇੱਕ ਦਿਲ ਦੇ ਧਰਮੀ ਮਹਿਸੂਸ ਕਰਨ ਬਾਰੇ ਨਿਹਚਾ ਕਰਦਾ ਹਾਂ। ਮੈਂ ਉਸ ਖੁਸ਼ੀ ਵਿੱਚ ਨਿਹਚਾ ਕਰਦਾ ਹਾਂ ਜਿਸ ਨੂੰ ਮੈਂ ਜਾਣ ਸਕਦਾ। ਮੈਂ ਪਵਿੱਤਰ ਆਤਮਾ ਦੀ ਸ਼ਕਤੀ ਵਿੱਚ ਨਿਹਚਾ ਕਰਦਾ ਹਾਂ। ਮੈਂ ਇਲਾਹੀ ਸ਼ਿਫਾ ਅੰਦਰ ਨਿਹਚਾ ਰੱਖਦਾ ਹਾਂ। ਮੈਂ ਪਵਿੱਤਰ ਆਤਮਾ ਦੇ ਸਾਰੇ ਦਾਨਾਂ ਦੀ ਏਕਤਾ ਅੰਦਰ ਕੰਮ ਕਰਦੇ ਅਤੇ ਆਦਰ ਨਾਲ ਦੇਹੀ ਵਿੱਚ ਪੂਰੇ ਕੀਤੇ ਜਾਣ।

151 ਜਦ ਮੈਂ ਇੱਕ ਸਥਾਨ ਤੇ ਜਾ ਕੇ ਪ੍ਰਚਾਰ ਸ਼ੁਰੂ ਕਰਦਾ, ਤੌਬਾ ਲਈ ਸੱਦਾ ਦਿੰਦਾ, ਇੱਕ ਔਰਤ ਉਠ ਖੜ੍ਹੀ ਹੁੰਦੀ ਅਤੇ ਭਰਾਈ ਭਾਖਿਆ ਬੋਲਦੀ। ਖੈਰ, ਕਿੰਨੀ ਬੇਇਜਤੀ ਦੀ ਗੱਲ ਹੈ। ਇਹ ਇੱਕ ਕਿੰਨੇ ਰਹਿਮ ਦੀ ਗੱਲ ਹੈ। ਇਸ ਨਾਲ ਪਤਾ ਲੱਗਦਾ ਹੈ ਕਿ ਉਨ੍ਹਾਂ ਦਾ ਪਾਸਟਰ ਵਚਨ ਨਹੀ ਜਾਣਦਾ, ਜਾਂ ਉਹ

ਨੂੰ ਉਹ ਚੀਜ਼ ਬੰਦ ਕਰੇਗਾ, ਅਤੇ ਆਖੇ, "ਉਹ ਕੰਮ ਨਾ ਕਰੋ।" ਸਮਝੇ? ਦਾਨ ਦੇ ਵਿਰੁੱਧ ਕੋਈ ਗੱਲ ਨਹੀ, ਉਹਦੀ ਗਲਤ ਵਰਤੋਂ ਦੇ ਹੈ। ਸਮਝ ਗਏ?

152 ਅਤੇ ਬਹੁਤ ਗੱਲਾਂ ਹਨ ਜਿਨ੍ਹਾਂ ਨੂੰ ਲੈ ਕੇ ਮੈਂ ਘੰਟੇ ਲਗਾ ਸਕਦਾ ਹਾਂ। ਤੁਹਾਨੂੰ ਪਤਾ ਹੈ ਮੈਂ ਕਿਸ ਦੇ ਬਾਰੇ ਬੋਲ ਰਿਹਾ ਹਾਂ। ਉਹ ਗੱਲਾਂ ਹਨ, ਕੈਥੋਲਿਕ ਧਰਮ ਅਤੇ ਪ੍ਰੋਟੈਸਟੈਂਟ ਧਰਮ ਬਾਰੇ। ਪਰ ਵਚਨ ਅੰਦਰ ਟਿੱਕੇ ਰਹੋ।

153 ਹੁਣ ਧਿਆਨ ਦਿਓ। ਅਤੇ ਜਦ ਉਸ ਨੇ ਦਰਸ਼ਨ ਵੇਖ ਲਿਆ, ਉਹ ਗਿਆ ਅਤੇ ਉਹ ਨੂੰ ਦਰਸ਼ਨ ਦੱਸਿਆ, "ਚੜ੍ਹਾਈ ਕਰੋ।"

ਉਸ ਆਖਿਆ, "ਮੈਂ ਤੈਨੂੰ ਕਿੰਨੀ ਵਾਰ ਸੌਂਹ ਚੁਕਾਵਾਂ ਕਿ ਤੂੰ ਮੈਨੂੰ ਸਚਿਆਈ ਤੋਂ ਬਿਨਾਂ ਕੁਝ ਹੋਰ ਨਾ ਦੱਸੇਂਗਾ?"

154 ਉਸ ਆਖਿਆ, "ਮੈਂ ਇਸਰਾਇਲ ਨੂੰ ਅਯਾਲੀ ਤੋਂ ਬਿਨਾਂ ਖਿੰਡੇ ਹੋਏ ਵੇਖਿਆ।"

155 ਅਤੇ ਉਸਨੇ ਆਖਿਆ, "ਮੈਂ ਤੈਨੂੰ ਦੱਸਿਆ ਹੈ ਉਸ ਦੇ ਲਿਆਉਣ ਤੋਂ ਪਹਿਲਾਂ ਹੀ।" ਮੈ ਤੈਨੂੰ ਦੱਸ ਦਿੱਤਾ ਹੈ। ਮੈਨੂੰ ਪਤਾ ਹੈ ਉਹ ਕੀ ਆਖੇਗਾ, ਸਹੀ ਗੱਲ ਹੈ। ਉਹ ਹੋਰ ਕੁਝ ਵੀ ਨਹੀ ਆਖ ਸਕਦਾ ਸੀ। ਉਸ ਕੋਲ ਖ਼ੁਦਾ ਦਾ ਵਚਨ ਸੀ, ਉਹ ਉਸ ਤੋਂ ਵੱਧ ਹੋਰ ਕੁਝ ਨਹੀ ਸੀ ਕਰ ਸਕਦਾ ਪਰ ਉਸ ਚੀਜ਼ ਨੂੰ ਦੋਸ਼ੀ ਠਹਿਰਾਇਆ।

156 ਅਤੇ ਅੱਜ ਰਾਤ ਮੈਂ ਬਾਈਬਲ ਦੇ ਪ੍ਰਕਾਸ਼ ਅੰਦਰ ਆਖਦਾ ਹਾਂ, ਮੈਂ ਇਸ ਕਟੜ ਧਰਮ ਦੀਆਂ ਖਲਬਲੀ ਪਾਉਣ ਵਾਲੀਆਂ ਚੀਜ਼ਾਂ ਨੂੰ ਦੋਸ਼ੀ ਠਹਿਰਾਉਂਦਾ ਹਾਂ ਜੋ ਕਹਿ ਰਹੇ ਹਨ, "ਖ਼ੁਦਾ ਦੇ ਵਚਨ ਵਿੱਚ ਕੁਝ ਨਹੀ ਹੈ, ਅਤੇ ਚਰਚ ਸਹੀ ਹੈ।" ਅਤੇ ਹੋਰ ਸਾਰੇ ਫਜ਼ੂਲ ਕੰਮ ਨੂੰ ਮੈਂ ਯਿਸੂ ਮਸੀਹ ਦੇ ਨਾਮ ਵਿੱਚ ਦੋਸ਼ੀ ਠਹਿਰਾਉਂਦਾ ਹਾਂ। ਖ਼ੁਦਾ ਦੇ ਵਚਨ ਦੇ ਅਧਿਕਾਰ ਨਾਲ। ਧਰਤੀ ਅਤੇ ਆਕਾਸ਼ ਚਾਹੇ ਤਲ ਜਾਣ ਪਰ ਖ਼ੁਦਾ ਦਾ ਵਚਨ ਹਮੇਸ਼ਾ ਹੀ ਸੱਚਾ ਠਹਿਰੇਗਾ। ਸਹੀ ਗੱਲ ਹੈ।

ਹੁਣ ਆਖਿਆ, "ਹੁਣ ਜੇ ਕਰ ਤੇਰੀ ਮਰਜ਼ੀ ਹੈ ਤਾਂ ਚੜ੍ਹਾਈ ਕਰ।"

157 ਅਤੇ ਕੀ ਹੋਇਆ? ਇਸ ਬੰਦੇ ਵਿੱਚ ਸਾਰੀ ਹਲਚਲ ਸੀ ਜੋ ਮਹਾਨ ਸਮਾਂ ਬੀਤ ਰਿਹਾ ਸੀ, ਉਹ ਚੁਗਿਰਦੇ ਘੁੰਮਿਆ ਕਿਉਂ ਜੋ ਉਹ ਕਲੀਸਿਯਾ ਦਾ ਮੁੱਖੀ ਸੀ। ਉਸ ਨੇ ਚੁਫ਼ੇਰੇ ਘੁੰਮਦੇ ਹੋਏ ਨੇ ਉਸ ਦੀ ਗੱਲ ਤੇ ਥੱਪੜ ਮਾਰਿਆ, ਆਪਣੇ ਹੱਥ ਨਾਲ ਮਾਰਿਆ। ਔਹ, ਮੈਂ ਉਸ ਨੂੰ ਕਹਿੰਦੇ ਹੋਏ ਸੁਣ ਸੱਕਦਾ ਹਾਂ, "ਤੂੰ ਛੋਟੇ ਜਿਹੇ ਮੇਚ ਆਉਣ ਵਾਲੇ ਪਵਿੱਤਰ ਪਾਖੰਡੀ। ਮੇਰੇ ਵਿਚੋਂ ਖ਼ੁਦਾ ਦਾ ਆਤਮਾ ਨਿਕਲ ਕੇ ਤੇਰੇ ਅੰਦਰ ਕਿਸ ਢੰਗ ਨਾਲ ਦਾਖਲ ਹੋਇਆ।"

158 ਉਸ ਆਖਿਆ, "ਤੈਨੂੰ ਪਤਾ ਮੈਂ ਕੀ ਵੇਖਿਆ ਹੈ?" ਉਸ ਦੱਸਿਆ, "ਜਦ ਤੁਸੀਂ ਸਭ ਇੱਥੇ ਧਰਤੀ ਤੇ ਇੱਕ ਵਧੀਆ ਸਮਾਂ ਗੁਜਾਰ ਰਹੇ ਸੀ, ਅਤੇ ਜਿਸ ਤਰ੍ਹਾਂ ਤੁਹਾਡਾ ਮਹਾਨ ਤਾਲ ਲੈ ਦਾ ਮੇਲਾ ਇਸ ਥਾਂ ਧਰਤੀ ਤੇ ਚੱਲ ਰਿਹਾ ਸੀ, ਉਸੇ ਸਮੇਂ ਆਕਾਸ਼ ਤੇ ਕੁਝ ਬੀਤ ਰਿਹਾ ਸੀ।"

159 ਅਤੇ ਮੈਂ ਤੁਹਾਨੂੰ ਦੱਸਦਾ ਹਾਂ, ਜਦ ਤੱਕ ਉਜਾੜੂ ਪੁੱਤਰ ਸੂਰਾਂ ਦੇ ਵਾੜੇ ਵਿੱਚ ਹਨ ਅਤੇ ਅਮਰੀਕਾ ਆਪਣੇ ਤਾਲ ਵਿੱਚ ਬੋਗੀ -ਵੇਗੀ, ਜਾਜ ਸੰਗੀਤ ਵਿੱਚ ਆਪਣੇ ਐਲਵਸ ਪ੍ਰੇਸਲੀ ਅਤੇ ਆਪਣੀ ਸ਼ੁਸ਼ੀ ਨਾਲ ਹਨ ਜਿਸ ਨੂੰ ਉਹ ਪਿਆਰ ਕਰਦੇ ਹਨ, ਹੁਣ ਇਸ ਸਮੇਂ ਅੰਦਰ ਕੁਝ ਘਟਨਾ ਆਸਮਾਨ ਅੰਦਰ ਬੀਤ ਰਹੀ ਹੈ।

160 ਉਆ ਆਖਿਆ, "ਖੁਦਾ ਨੇ ਖਿੜਕੀਆਂ ਖੋਲ ਦਿੱਤੀਆਂ ਅਤੇ ਮੈਨੂੰ ਅੰਦਰ ਵੇਖਣ ਦਿਉ। ਅਤੇ ਜਦ ਤੁਸੀਂ (ਗਿੱਦੇ) ਭੰਗੜੇ ਵਾਲਾ ਨਾਚ ਕਰ ਰਹੇ ਸੀ, ਖੁਦਾ ਨੇ ਮੈਨੂੰ ਵਿਖਾਇਆ ਅਤੇ ਉਥੇ ਆਸਮਾਨ ਅੰਦਰ ਮੈਂ ਕੁਝ ਹੁੰਦਾ ਵੇਖਿਆ।

ਪੁੱਛਿਆ, "ਤੂੰ ਕੀ ਵੇਖਿਆ ਹੈ?"

161 ਉਸ ਦੱਸਿਆ, "ਮੈਂ ਖੁਦਾ ਦੇ ਵੱਡੇ ਲਸ਼ਕਰ ਨੂੰ ਵੇਖਿਆ, ਖੁਦਾ ਬੈਠਾ ਹੋਇਆ ਉਸ ਦੇ ਸੱਜੇ ਅਤੇ ਖੱਬੇ ਪਾਸੇ। ਅਤੇ ਉਸ ਦੇ ਸੱਜੇ ਅਤੇ ਖੱਬੇ ਪਾਸੇ ਫਰਿਸ਼ਤੇ ਸਨ।" ਅਤੇ ਆਖਿਆ, "ਜਦ ਮੈਂ ਫਰਿਸ਼ਤਿਆਂ ਨੂੰ ਵੇਖਿਆ, ਇੱਕ ਇੱਕ ਪਾਸੇ ਦੂਸਰੇ ਦੂਜੇ ਪਾਸੇ ਬੈਠੇ ਸਨ, ਆਸਮਾਨੀ ਫੌਜ ਇੱਕਠੀ ਹੋਈ ਸੀ।" ਅਤੇ ਦੱਸਿਆ, "ਖੁਦਾ ਬੋਲਿਆ, 'ਮੈਂ ਕਿਸ ਨੂੰ ਹੇਠਾਂ ਭੇਜਾ?'" ਔਹ ਮੇਰਿਆ, ਸੁਣੋ। "'ਮੈਂ ਕਿਸ ਨੂੰ ਹੇਠਾਂ ਭੇਜਾਂ ਕਿ ਉਹ ਅਹਾਬ ਨੂੰ ਮੇਰਾ ਵਚਨ ਪੂਰਾ ਕਰਨ ਲਈ ਇੱਥੇ ਲਿਆਏ ਜੋ ਕਿ ਮੇਰੇ ਨਬੀ ਰਾਹੀਂ ਬੋਲਿਆ ਗਿਆ ਸੀ?'" (ਭਾਈ ਬ੍ਰਾਨਹਮ ਮੰਚ ਨੂੰ ਤਿੰਨ ਵਾਰ ਖੜਕਾਉਂਦੇ ਹਨ-ਸੰਪਾਦਕ)

162 ਭਾਈ ਜੀ ਵਚਨ ਤੇ ਟਿਕੇ ਰਹੋ, ਪ੍ਰਵਾਹ ਨਾ ਕਰੋ ਚਾਹੇ ਕਿੰਨੇ ਕੁ ਵੱਧ ਸ਼ੋਰ ਵਾਲੇ ਲਗਾਤਾਰ ਭੰਗੜੇ (ਗਿਧੇ) ਵਜਾ ਕੇ ਉਹ ਪਾਰਟੀਆਂ ਕਰਨ। ਅਤੇ ਕਿੰਨਾ ਕੁ ਉਹ ਇਹ ਨੂੰ ਚਰਚ ਵਿੱਚ ਕਰਨ, ਅਤੇ ਕਿੰਨਾ ਕੁ ਵਧ ਉਹ ਚਰਚ ਵਿੱਚ ਅਜਿਹਾ ਕਰਤਬ ਕਰਨ, ਕਿੰਨਾ ਕੁ ਵੱਧ *ਇਹ* ਜਾਂ *ਉਹ* ਕੰਮ ਕਰ ਵਿਖਾਉਣ। ਵਚਨ ਤੇ ਖੜ੍ਹੇ ਰਹੋ, ਸਹੀ ਗੱਲ ਹੈ। ਖੁਦਾ ਆਪਣੇ ਵਚਨ ਦੇ ਹਰੇਕ ਵਾਅਦੇ ਨੂੰ ਪੂਰੇ ਕਰਦਾ ਹੈ। (ਭਾਈ ਬ੍ਰਾਨਹਮ ਮੰਚ ਤੇ ਸੱਤ ਵਾਰ ਖੜਾਕ ਪੈਦਾ ਕਰਦੇ ਹਨ- ਸੰਪਾਦਕ)

163 ਧਿਆਨ ਦਿਓ। "ਪਰ ਆਖਿਆ, ਸਾਡੇ ਲਈ ਕੌਣ ਹੇਠਾਂ ਜਾਏਗਾ? ਸਾਡੇ ਵਾਸਤੇ ਕੌਣ ਹੇਠਾਂ ਅਹਾਬ ਨੂੰ ਇੱਥੇ ਉਪਰਲੇ ਪਾਸੇ ਲੈ ਕੇ ਆਵੇਗਾ, ਕਿਉਂਕਿ ਇਸ ਨੇ ਪੂਰਿਆਂ ਹੋਣਾ ਹੀ ਹੈ?"

164 ਉਸ ਆਖਿਆ, "ਮੈਂ ਵੇਖਿਆ ਹੈ ਇੱਕ ਝੂਠ ਬੋਲਣ ਵਾਲਾ ਆਤਮਾ ਅੱਗੇ ਆਇਆ, ਬੋਲਿਆ, ਮੈਨੂੰ ਭੇਜੋ ਮੈਂ ਹੇਠਾਂ ਜਾਵਾਂਗਾ ਅਤੇ ਉਨ੍ਹਾਂ ਦੇ ਹਰੇਕ ਬਿਸ਼ਪ ਅੰਦਰ ਦਾਖਲ ਹੋ ਜਾਵਾਂਗਾ, ਅਤੇ ਉਨ੍ਹਾਂ ਨਬੀਆਂ ਅੰਦਰ ਵੀ, ਅਤੇ ਪ੍ਰਾਂਤ ਦੇ ਸਾਰੇ ਵੱਡੇ ਪਾਦਰੀਆਂ ਅੰਦਰ ਅਤੇ ਉਨ੍ਹਾਂ ਬਾਕੀ ਸਭਨਾਂ ਅੰਦਰ ਅਤੇ ਮੈਂ ਉਨ੍ਹਾਂ ਨੂੰ ਮਸਹ ਕਰਾਂਗਾ ਕਿ ਉਹ ਇੱਕ ਝੂਠ ਬੋਲਣ, ਇਸ ਲਈ ਮੈਂ ਉਨ੍ਹਾਂ ਨੂੰ ਇੱਥੇ ਲੈ ਆਵਾਂਗਾ।"

165 ਹੁਣ ਇੱਕ ਮਿੰਟ ਲਈ ਉਡੀਕੋ। ਠਹਿਰੋ। ਕੀ ਤੁਸੀਂ ਤਿਆਰ ਹੋ? ਮਸਹ, ਮਸਹ ਜੋ ਬਾਈਬਲ ਨਾਲ ਮੇਲ ਨਹੀ ਖਾਂਦਾ ਗਲਤ ਹੈ।

166 "ਭਾਈ ਬ੍ਰਾਨਹਮ, ਅਸੀਂ ਕਿਸ ਤਰ੍ਹਾਂ ਯਕੀਨ ਕਰ ਸਕਦੇ ਹਾਂ ਕਿ ਅਸੀਂ ਠੀਕ ਹਾਂ? ਅਸੀਂ *ਇਸ* ਨੂੰ ਪੂਰਾ ਹੁੰਦਾ ਵੇਖਦੇ ਹਾਂ। ਅਸੀਂ *ਇਸ* ਨੂੰ ਪੂਰਾ ਹੁੰਦਾ ਅਤੇ ਸਾਰੀਆਂ ਹਲਚਲ ਵਾਲੀਆਂ ਗੱਲਾਂ ਨੂੰ ਹੁੰਦੇ ਵੇਖਦੇ ਹਾਂ।" ਵਚਨ ਨਾਲ ਖੜ੍ਹੇ ਰਹੋ!

167 ਯਕੀਨਨ, ਉਹ ਦੋਨੋ ਮਸਹ ਕੀਤੇ ਹੋਏ ਸਨ। ਇੱਥੇ ਛੋਟਾ ਜਿਹਾ ਸਾਥੀ ਆਪ ਖੜ੍ਹਾ ਸੀ। ਉਹ ਵੀ ਮਸਹ ਕੀਤਾ ਹੋਇਆ ਸੀ। ਇੱਥੇ ਹੀ ਚਾਰ ਸੌ ਵਧੀਆ ਬਿਸ਼ਪ ਖੜ੍ਹੇ ਸਨ ਅਤੇ ਉਹ ਮਸਹ ਕੀਤੇ ਹੋਏ ਸਨ। ਅਤੇ ਹਰੇਕ ਕਹਿ ਰਹੀ ਸੀ, "**ਯਹੋਵਾਹ ਇਉਂ ਫ਼ਰਮਾਉਂਦਾ ਹੈ।**"

"ਪਰ ਅਸੀਂ ਕਿਸ ਤਰ੍ਹਾਂ ਜਾਣੀਏ ਕੌਣ ਸਹੀ ਹੈ?"

168 ਮਿਕਾਯਾਹ ਕੋਲ ਵਚਨ ਸੀ, ਕਿ ਭੈੜੇ ਤੇ ਬੁਰਿਆਈ ਆ ਪਏਗੀ। ਉਹ ਉਸ ਮੱਕਾਰੀ ਨੂੰ ਜਾਣਦਾ ਸੀ, ਉਹ ਪਾਖੰਡੀ ਧਰਮ, ਉਸ ਵਿਅਰਥ ਸੰਗਠਨ ਅੰਦਰ ਕਾਫੀ ਦਰਜਾ ਸੀ, ਅਤੇ ਇੱਕ ਰੰਗ ਲਾਈ ਹੋਏ, ਫੈਸ਼ਨ ਵਾਲੀ ਇਜਬਲ, ਤੇ ਇਹ ਸਾਰੀਆਂ ਹੋਰ ਗੱਲਾਂ ਨੇ ਨਬੀਆਂ ਲਈ ਜਿਉਂਦੇ ਖੁਦਾ ਦੇ ਹੱਥੋਂ ਨਬੇੜਾ ਹੋਣਾ ਹੀ ਸੀ, ਖੁਦਾ ਦੇ ਵਚਨ ਰਾਹੀਂ ਇਸੇ ਤਰ੍ਹਾਂ ਆਖਿਆ ਹੋਇਆ ਹੈ।

ਤੁਸੀਂ ਆਖਦੇ ਹੋ, "ਕੀ ਨਬੀ ਕੋਲ ਖੁਦਾ ਦਾ ਵਚਨ ਸੀ?" ਹਾਂ ਸ਼੍ਰੀਮਾਨ ਜੀ।

169 ਨਾ ਡਰੋ, "ਪ੍ਰਭੂ ਨੇ ਪਿੱਛਲਿਆਂ ਸਮਿਆਂ ਵਿੱਚ ਨਬੀਆਂ ਦੇ ਰਾਹੀਂ ਸਾਡੇ ਵੱਡਿਆਂ ਨਾਲ ਕਈਆਂ ਹਿੱਸਿਆਂ ਵਿੱਚ ਅਤੇ ਕਈ ਤਰ੍ਹਾਂ ਨਾਲ ਗੱਲ ਕੀਤੀ ਸੀ। ਇਨ੍ਹਾਂ ਦਿਨਾਂ ਦੇ ਅੰਤ ਵਿੱਚ ਸਾਡੇ ਨਾਲ ਪੁੱਤਰ ਦੇ ਰਾਹੀਂ ਗੱਲ ਕੀਤੀ।" ਸਹੀ ਗੱਲ ਹੈ, ਪੱਕੀ ਗੱਲ, ਇਹ ਖੁਦਾ ਦਾ ਹੀ ਵਚਨ ਸੀ।

170 ਉਹ ਉੱਥੇ ਮਸਹ ਕੀਤੇ ਹੋਏ ਸਨ, ਉਹ ਸੋਚਦੇ ਸਨ, ਕਿ ਉਹ ਸਹੀ ਹਨ। ਮੈਂ ਇਹ ਨਹੀ ਆਖਦਾ ਕਿ ਉਹ ਭਲੇਮਾਨਸ ਨਹੀ ਸਨ, ਉਹ ਭਲੇ ਸਨ। ਉਹ ਵੱਡੇ ਮਨੁੱਖ ਸਨ। ਉਹ ਅਨਪੜ੍ਹ ਨਹੀ ਸਨ। ਬਸ ਇੱਕ ਰਾਤ ਵਿੱਚ ਬਣੇ ਮਨੁੱਖ

ਨਹੀ ਸਨ। ਉਹ ਵੱਡੇ ਪੁਰਸ਼ ਸਨ। ਵਚਨ ਦੀ ਸਿੱਖਿਆ ਪਾਏ ਹੋਏ, ਮਸਹ ਵਿੱਚ ਸਨ। ਪਰ ਉਨ੍ਹਾਂ ਦਾ ਮਸਹ ਬਾਈਬਲ ਦੇ ਵਚਨ ਨਾਲ ਨਹੀ ਸੀ ਮਿਲਦਾ। ਇਹੀ ਕਾਰਨ ਹੈ ਮਿਕਾਯਾਹ ਜਾਣਦਾ ਸੀ ਕਿ ਉਹ ਗਲਤ ਹਨ।

171 ਅਤੇ ਬਾਈਬਲ ਨੇ ਦੱਸਿਆ ਹੈ, "ਅੰਤਲੇ ਦਿਨਾਂ ਅੰਦਰ ਲੋਕ ਆਪਣੀ ਇੱਛਿਆ ਨੂੰ ਪਿਆਰ ਕਰਨਗੇ।"

172 "ਕਿਉਂ, ਤੇਰਾ ਮੈਨੂੰ ਇਹ ਕਹਿਣ ਦਾ ਮਤਲਬ ਹੈ, ਕਿ ਮੈਨੂੰ ਉਹ ਨਿੱਕਾ ਜਿਹਾ ਮੁੰਡਾ ਦੱਸ ਸੱਕੇਗਾ? ਮੈਂ ਤਾਂ ਇੱਕ ਬਿਸ਼ਪ ਹਾਂ। ਮੈਂ *ਉਸ-ਉਸ* ਦਾ ਮੁਖੀ ਹਾਂ। ਮੈਂ ਕੈਥੋਲਿਕ ਕਲੀਸਿਯਾ ਅੰਦਰ ਇੱਕ ਵੱਡਾ ਆਦਮੀ ਹਾਂ। ਬੈਪਟਿਸਟ, ਜਾਂ ਇੱਥੋਂ ਤੱਕ ਪੈਂਤੀਕਾਸਟਲ ਅੰਦਰ। ਮੈਂ ਸੂਬੇ ਦਾ ਵੱਡਾ ਪਾਦਰੀ ਹਾਂ। ਤੁਹਾਡਾ ਮੈਨੂੰ ਦੱਸਣ ਦਾ ਕੀ ਇਹ ਮਤਲਬ ਹੈ, ਤੁਸੀਂ ਉਸ ਮਨੁੱਖ ਨੂੰ ਕਹਿਣ ਦਿਓ..." ਇਹ ਗੱਲ ਸਹੀ ਹੈ। "ਤੁਹਾਡਾ ਮੈਨੂੰ *ਇਹ, ਉਹ* ਦੱਸਣ ਦਾ ਮਤਲਬ ਹੈ?"

173 ਬਾਈਬਲ ਨੇ ਦੱਸਿਆ, "ਉਹ ਆਪਣੀ ਹੀ ਮਰਜੀ ਨੂੰ ਪੂਰਾ ਕਰਨ ਵਾਲੇ ਹੋਣਗੇ, ਸ਼ੇਖੀਬਾਜ, ਘੁਮੰਡੀ, ਕੁਫਰ ਬਕਣ ਵਾਲੇ, ਅਨਆਗਿਆਕਾਰ, ਨਾਸ਼ੁਕਰੇ, ਗੰਦੇ, ਪੱਖ ਪਾਤੀ, ਅਸੰਜਮੀ ਅਤੇ ਇਜ਼ਤ ਵਾਲਿਆਂ ਦੀ ਬੇਇਜਤੀ ਕਰਨ ਵਾਲੇ, ਭਗਤੀ ਦਾ ਰੂਪ ਧਾਰ ਕੇ, ਜਿਸ ਤਰ੍ਹਾਂ ਉਨ੍ਹਾਂ ਨੇ ਧਾਰਿਆ ਸੀ, ਪਰ ਖੁਦਾ ਦੇ ਵਚਨ ਦੀ ਸ਼ਕਤੀ ਦੇ ਇਨਕਾਰੀ ਹੋਣਗੇ।" ਜੇਕਰ ਉਹ ਉਸਦੇ ਅਨੁਸਾਰ ਨਹੀ ਬੋਲਦੇ ਤਾਂ ਉਨ੍ਹਾਂ ਅੰਦਰ ਜੀਵਨ ਨਹੀ ਹੈ। ਇਹ ਸਹੀ ਗੱਲ ਹੈ। "ਇੱਕ ਭਗਤੀ ਦਾ ਰੂਪ ਧਾਰ ਕੇ ਵੀ, ਉਸੇ ਦੇ ਇੰਨਕਾਰੀ ਹੋਣਗੇ, ਅਜਿਹਿਆਂ ਤੋਂ ਪਰੇ ਰਹਿ। ਇਸੇ ਢੰਗ ਨਾਲ ਉਹ ਘਰ-ਘਰ ਵਿੱਚ ਜਾਂਦੇ, ਆਪਣੀਆਂ ਛੋਟੀਆਂ ਕਿਤਾਬਾਂ ਲੈ ਕੇ ਜਾਂਦੇ ਅਤੇ ਕੰਮਪੇਨਾਂ ਅਤੇ ਹੋਰ ਚੀਜ਼ਾਂ ਨਾਲ ਜਾਂਦੇ ਅਤੇ ਹੋਛੀਆਂ ਤੀਵੀਆਂ ਨੂੰ ਜੋ ਆਪਣੇ ਪਾਪਾਂ ਨਾਲ ਦੱਬੀਆਂ ਹੋਈਆਂ ਹਨ ਮਗਰ ਲਾਉਂਦੇ, ਉਨ੍ਹਾਂ ਨੂੰ ਕਈਆਂ ਢੰਗਾਂ ਨਾਲ ਮੋਹ ਲੈਂਦੇ ਜੋ ਸਿਖਦੀਆਂ ਤਾਂ ਰਹਿੰਦੀਆਂ ਪਰ ਕਦੇ ਸੱਤ ਦੇ ਗਿਆਨ ਤੱਕ ਨਹੀ ਅੱਪੜਦੀਆਂ।"

174 ਉਹ ਕਿਸ ਤਰ੍ਹਾਂ ਦੇ ਹਨ? ਹਰ ਪੱਖੋਂ ਕੱਟੜ ਅਤੇ ਹੋਰ ਸਾਰੀਆਂ ਗੱਲਾਂ। "ਅਤੇ ਯੰਨੇਸ ਅਤੇ ਯੰਬਰੇਸ ਨੇ ਮੂਸਾ ਦਾ ਸਾਹਮਣਾ ਕੀਤਾ ਇਸੇ ਤਰ੍ਹਾਂ ਉਹ ਸੱਚਾਈ ਦਾ ਸਾਹਮਣਾ ਕਰਦੇ ਹਨ, ਵਚਨ ਵੱਲੋਂ ਉਨ੍ਹਾਂ ਦੀ ਬੁੱਧ ਭ੍ਰਿਸ਼ਟ ਹੋਈ ਹੈ।" ਖੁਦਾ ਦੇ ਵਚਨ ਨੂੰ ਲੈ ਕੇ ਉਹ ਨੂੰ ਕਿਸੇ ਹੋਰ ਗੱਲ ਵਿੱਚ ਵਟਾਉਣ ਦੀ ਕੋਸ਼ਿਸ਼ ਕਰਦੇ, ਇੱਕ ਹਠ ਧਰਮੀ ਜਾਂ ਧਰਮ ਦੀ ਜੱਥੇਬੰਦੀ ਵਿੱਚ ਬਦਲਦੇ ਹਨ ਜਾਂ ਆਪਣੇ ਲਈ ਇੱਕ ਵੱਡਾ ਨਾਮ ਖੜ੍ਹਾ ਕਰਦੇ ਜਾਂ ਆਪਣੇ ਲਈ ਇੱਕ ਵੱਡਾ ਨਾਮ ਬਣਾਉਂਦੇ। "ਅਜਿਹਿਆਂ ਤੋਂ ਪਰੇ ਰਹੋ।" ਵਚਨ ਨਾਲ ਜੁੜੇ ਰਹੋ!

175 ਕੀ ਹੋਇਆ? ਉਸ ਦੱਸਿਆ, ਮੈਂ ਆਖਿਆ, "ਮੈਂ ਇਸ ਆਤਮਾ ਨੂੰ ਝੂਠ ਬੋਲਦੇ ਵੇਖਿਆ ਹੈ, ਬੋਲਿਆ, 'ਮੈਂ ਹੇਠਾਂ ਜਾ ਕੇ ਉਨ੍ਹਾਂ ਨੂੰ ਮਸਹ ਕਰਾਂਗਾ। ਮੈਂ ਉਨ੍ਹਾਂ ਨੂੰ ਝੂਠਾ ਇੱਕ ਅਗੰਮਵਾਕ ਕਰਨ ਵਾਲਾ ਬਣਾਵਾਂਗਾ।'" ਅਤੇ ਉਹ ਮਨੁੱਖ ਜਨਤਾ ਨੂੰ ਖੁਸ਼ ਕਰਨ ਲਈ ਆਈਨੇ ਰਜਾਮੰਦ ਹਨ।

176 ਹੇ ਖੁਦਾ, ਸਾਡੀ ਮਦਦ ਕਰ। "ਕੰਨ ਦੀ ਜਲੂਨ ਲਈ ਇੱਕ ਗੁਰੂ ਹੋਵੇ, ਸੱਚਾਈ ਤੋਂ ਫਿਰ ਕੇ ਖਿਆਲੀ ਕਹਾਣੀਆਂ ਵੱਲ ਚਿੱਤ ਲਾਉਣਗੇ।" ਜਿਸ ਤਰ੍ਹਾਂ ਕਿ ਪਵਿੱਤਰ ਆਤਮਾ ਨੇ ਸਾਨੂੰ ਚਿਤਾਵਨੀ ਦੇ ਕੇ ਦੱਸਿਆ ਹੈ, ਕਿ ਉਹ ਕਿਸ ਤਰ੍ਹਾਂ ਦੇ ਹੋਣਗੇ। ਮਸ਼ਹੂਰ ਹੋਣ ਦੇ ਬਹੁਤ ਚਾਹਵਾਨ ਹੋਣਗੇ, ਆਪਣੇ ਲਈ ਇੱਕ ਵੱਡਾ ਰੇਡੀਓ, ਇੱਕ ਵੱਡਾ ਟੈਲੀਵੀਜਨ ਜਾਂ ਇੱਕ ਵੱਡਾ ਨਾਮ ਪ੍ਰਾਪਤ ਕਰਨ ਲਈ, ਆਪਣੀ ਜਿੱਤ ਦੀ ਪ੍ਰਸ਼ੰਸਾ ਲਈ, ਇੱਕ ਵੱਡੀ ਚੀਜ਼ ਨੂੰ ਆਪਣੇ ਅਧਿਕਾਰ ਹੇਠ ਕਰਨਾ ਚਾਹੁਣਗੇ। ਉਹ ਕਰਨ ਲਈ ਉਹ ਇੱਥੋਂ ਤੱਕ ਮਨਮਰਜੀ ਕਰਨਗੇ ਕਿ ਉਹ ਵਚਨ ਵਿਚੋਂ ਭਾਲਣ ਲਈ ਫੇਲ੍ਹ ਹੋ ਜਾਣਗੇ।

177 ਪਰ ਮਿਕਾਯਾਹ ਵਚਨ ਤੇ ਨਿਗਾਹ ਰੱਖ ਰਿਹਾ ਸੀ। ਉਸ ਕੋਲ ਸੱਚਾਈ ਸੀ, ਉਸ ਕੋਲ ਵਚਨ ਸੀ। ਧਿਆਨ ਦਿਓ ਫਿਰ ਉਸ ਨੇ ਦਸਿਆ ਕਿ ਕਿ ਹੋਵੇਗਾ।

178 ਅਤੇ ਇਹ ਸਾਥੀ ਅੱਗੇ ਆਇਆ ਅਤੇ ਉਸ ਦੇ ਮੂੰਹ ਤੇ ਥੱਪੜ ਮਾਰਿਆ, ਆਖਿਆ, "ਖੁਦਾ ਦਾ ਆਤਮਾ ਕਿਸ ਰਾਹ ਨਿੱਕਲ ਕੇ ਗਿਆ?"

179 ਆਖਿਆ, "ਤੂੰ ਵੇਖੇਂਗਾ ਜਦ ਤੂੰ ਅੰਦਰਲੀ ਕੋਠੜੀ ਵਿੱਚ ਛੁੱਪ ਕੇ ਬੈਠਾ ਹੋਵੇਗਾ।"

180 ਅਤੇ ਅਹਾਬ ਨੇ ਆਖਿਆ, "ਉਸ ਮਨੁੱਖ ਨੂੰ ਜੇਲ੍ਹ ਵਿੱਚ ਰੱਖੋ। ਇਹ ਸਾਰੀਆਂ ਬੰਦਗੀਆਂ ਬੰਦ ਕਰੋ, ਕੁਝ ਵੀ ਹੈ ਅਸੀਂ ਇਸ ਪਵਿੱਤਰ ਪਾਖੰਡੀ ਦੇ ਹੋਰ ਕਾਰੇ ਇੱਥੇ ਨਹੀ ਚਾਹੁੰਦੇ ਹਾਂ।" ਫਿਕਰ ਨਾ ਕਰੋ, ਇਹ ਹੋਣ ਜਾ ਰਿਹਾ ਹੈ। "ਇਸ ਨੂੰ ਕੈਦ ਵਿੱਚ ਰੱਖੋ ਅਤੇ ਉਹ ਨੂੰ ਤੰਗੀ ਦੀ ਰੋਟੀ ਅਤੇ ਤੰਗੀ ਦਾ ਪਾਣੀ ਦਿਓ। ਅਤੇ ਜਦ ਮੈਂ ਸ਼ਾਂਤੀ ਵਿੱਚ ਮੁੜ ਕੇ ਆਵਾਂਗਾ ਉਸ ਨਾਲ ਨਿਬੜਾਂਗਾ," ਦੂਸਰੇ ਸ਼ਬਦਾਂ ਵਿੱਚ "ਉਹ ਦਾ ਸਿਰ ਕਲਮ ਕਰਾਂਗਾ।"

181 ਬੁੱਢਾ ਮਿਕਾਯਾਹ, ਖੁਦਾ ਦੇ ਵਚਨ ਤੇ ਖੜ੍ਹਾ ਹੋਣਾ ਜਾਣਦਾ ਸੀ ਉਹ ਦਾ ਦਰਸ਼ਨ। ਹੇ ਖੁਦਾ, ਜਾਣਦਾ ਸੀ ਕਿ ਉਸ ਦਾ ਦਰਸ਼ਨ ਠੀਕ ਖੁਦਾ ਦੇ ਵਚਨ ਨਾਲ ਰਲਦਾ ਸੀ। ਇਹ ਫੇਲ੍ਹ ਨਹੀ ਸੀ ਹੋ ਸਕਦਾ। ਉਸ ਆਖਿਆ, "ਜੇਕਰ ਤੁਸੀਂ ਸੁਖ ਸਾਂਦ ਨਾਲ ਮੁੜ ਆਓ ਤਾਂ ਯਹੋਵਾਹ ਮੇਰੇ ਰਾਹੀਂ ਨਹੀ ਬੋਲਿਆ।" ਆਮੀਨ, ਫਿਰ ਆਮੀਨ!

182 ਹੇ ਲੋਕੋ! ਸਮਾਂ ਲੇਟ ਹੋ ਗਿਆ ਹੈ। ਪਰ ਮੇਰੇ ਮਿਤਰੋ ਮੈਂ ਤੁਹਾਨੂੰ ਇਹ ਕਹਿਣਾ ਚਾਹੁੰਦਾ ਹਾਂ। ਤੁਸੀਂ (ਕਦੇ) ਨਾ ਉਸ ਇੱਕ ਪ੍ਰੋਗਰਾਮ ਨੂੰ ਸੁਣੋ ਜੋ ਤੁਹਾਨੂੰ ਦੱਸਦਾ ਹੋਵੇ ਕਿ ਇਹ ਸਚਾਈ ਨਹੀ ਹੈ *ਇਹ* ਖੁਦਾ ਦਾ ਵਚਨ ਨਹੀ ਹੈ। ਤੁਸੀਂ ਕਦੇ ਇਹਨਾਂ ਖਿਆਲੀ ਗੱਲਾਂ ਨੂੰ ਨਾ ਸੁਣੋ ਜਿਸ ਨੂੰ ਪ੍ਰਭੂ ਯਿਸੂ ਮਸੀਹ ਨੇ ਪ੍ਰਕਾਸ਼ਿਤ ਨਹੀ ਕੀਤਾ ਨਾ ਹੀ ਉਹ ਦੀ ਭਵਿੱਖਬਾਣੀ ਕੀਤੀ ਹੈ ਕਾਰਨ ਇਹ ਹੈ, ਜਦ ਉਹ ਆਪ ਧਰਤੀ ਤੇ ਆਇਆ ਉਸ ਨੇ ਰੋਗੀਆਂ ਨੂੰ ਚੰਗਾ ਕੀਤਾ, ਇਹ ਉਸ ਨੇ ਸਿਰਫ ਵਚਨ ਨੂੰ ਪੂਰਾ ਹੋਣ ਲਈ ਕੀਤਾ। ਬਸ ਵਚਨ ਨੂੰ ਪੂਰਾ ਕਰਨ ਲਈ ਕੀਤਾ!

183 ਸਾਰੀਆਂ ਕਲੀਸਿਯਾ ਦੇ ਨੰਮੂਨੇ ਨੂੰ ਪੇਸ਼ ਕਰਨ ਲਈਉਸ ਨੇ ਦੋ ਪੱਖੀ ਭਵਿੱਖਬਾਣੀ ਕਰ ਛੱਡੀ ਹੈ। ਪ੍ਰਕਾਸ਼ ਦੀ ਪੋਥੀ ਦੇ 17ਵੇ ਪਾਠ ਅੰਦਰ ਆਖਿਆ ਹੈ, "ਮੈਂ ਇੱਕ ਤੀਂਵੀਂ ਇੱਕ ਕੰਜਰੀ ਨੂੰ ਕਿਰਮਚੀ ਰੰਗ ਦੇ ਇੱਕ ਵੱਡੇ ਦਰਿੰਦੇ ਤੇ ਸੱਤ ਸਿੰਘ ਹਨ ਬੈਠੇ ਵੇਖਿਆ।" ਵੇਟੀਕਨ ਸ਼ਹਿਰ ਸੱਟਾਂ ਪਹਾੜਾਂ ਤੇ ਵੱਸਿਆ ਹੈ। ਕੁਝ ਮਹੀਨੇ ਹੀ ਹੋਏ ਹਨ ਉੱਥੋਂ ਵਾਪਸ ਆਇਆ ਹਾਂ। ਅਤੇ ਆਖਿਆ ਗਿਆ ਹੈ, "ਉਹ ਕੰਜਰੀਆਂ ਦੀ ਮਾਂ ਸੀ," ਅਤੇ ਜੋ ਧੀਆਂ ਉਸ ਤੋਂ ਜੰਮੀਆਂ ਸਨ। ਕੋਈ ਵੀ ਬਦਕਾਰ ਔਰਤ ਚੰਗੀ ਧੀ ਨੂੰ ਜਨਮ ਦੇ ਸਕਦੀ ਹੈ। ਪਰ ਧਿਆਨ ਦਿਉ। ਇੱਕ ਕੰਜਰੀ ਕੀ ਹੈ? ਇੱਕ ਬਦਕਾਰ ਔਰਤਾਂ ਕੀ ਹਨ? ਉਹ ਆਦਮੀ...ਉਹ ਔਰਤ ਹੈ ਜੋ ਜਿਨਾਹ ਕਰਦੀ ਅਤੇ ਦੂਸਰੇ ਆਦਮੀਆਂ ਨਾਲ ਰਹਿੰਦੀ ਜੋ ਕਿ ਉਸ ਦੇ ਪਤੀ ਨਹੀ ਹਨ।

184 ਅਤੇ ਇਹਨਾਂ ਕਲੀਸਿਯਾ ਦੇ ਇਹ ਲੋਕ ਖੁਦਾ ਦੀ ਕਲੀਸਿਯਾ ਅਤੇ ਉਹ ਦੇ ਲੋਕ ਹੋਣ ਦਾ ਦਾਅਵਾ ਕਰਦੇ ਅਤੇ ਬੇਸੰਵਰੇ, ਸੰਸਾਰ ਦੇ ਕੰਮ ਕਰਦੇ। ਉਹ ਆਤਮਿਕ ਜਿਨਾਕਾਰੀ ਕਰਦੇ ਹਨ। ਉਹ ਆਪਣੀਆਂ ਮੰਡਲੀਆਂ ਨੂੰ ਰੰਗ ਲਾਉਣ ਦਿੰਦੇ, ਉਨ੍ਹਾਂ...ਦੀਆਂ ਔਰਤਾਂ ਛੋਟੇ ਕੱਪੜੇ ਪਹਿਨਦੀਆਂ ਹਨ। ਅਤੇ ਉਹ ਉਨ੍ਹਾਂ ਨੂੰ ਸੰਸਾਰ ਵਾਲੇ ਕੱਪੜੇ ਪਹਿਨ ਕੇ ਬਾਹਰ ਜਾਣ ਦਿੰਦੇ, ਅਤੇ ਉਨ੍ਹਾਂ ਨੂੰ ਕਦੇ ਵੀ ਦੋਸ਼ੀ ਨਹੀ ਠਹਿਰਾਉਂਦੇ। ਉਹ ਸਮਾਜਿਕ ਅਵਸਥਾ ਲਈ ਆਪਣੇ ਆਦਮੀਆਂ ਨੂੰ ਇੱਕ ਸਿਗਰੇਟ ਪੀਣ ਦਿੰਦੇ ਜਾਂ ਇੱਕ ਪਿਆਲਾ ਸ਼ਰਾਬ ਦਾ ਪੀਣ ਦਿੰਦੇ, ਉਹ ਉਨ੍ਹਾਂ ਨੂੰ ਥੋੜ੍ਹੀ ਤਾਸ਼ ਪਾਰਟੀਆਂ ਵਿੱਚ ਭਾਗ ਲੈਣ ਦਿੰਦੇ ਅਤੇ ਤਹਿਖਾਨੇ ਵਿਚਲੇ ਤਲਾਅ ਵਿੱਚ ਖੇਡਣ ਦਿੰਦੇ, ਅਤੇ ਗਿਰਜੇ ਅੰਦਰ ਨਾਚ ਦੇ ਸਮਾਗਮ ਅਤੇ ਰਾਤ ਨੂੰ ਖਾਧਾ ਜਾਣ ਵਾਲਾ ਸ਼ੋਰਬਾ (ਸੂਪ) ਅਤੇ ਹੋਰ ਚੀਜ਼ਾਂ ਕਰਨ ਦਿੰਦੇ ਹਨ। ਅਤੇ ਜਿਉਂਦੇ ਖੁਦਾ ਦੇ ਵਚਨ ਦੇ ਥਾਂ ਤੇ ਇੱਕ ਨਗੂਣੀ ਪਾਦਰੀ ਵਾਲੀ ਸਿੱਖਿਆ ਸਿਖਾਉਂਦੇ ਹਨ। ਤੁਹਾਨੂੰ ਪਤਾ ਇਹ ਸੱਚਾਈ ਹੈ। ਇਹ ਰਹਿਮ ਵਾਲੀ ਗੱਲ ਹੈ, ਜਨਾਨੜਾ ਨੌਜਵਾਨ ਮੈਨੂੰ ਪਤਾ ਨਹੀ...ਇਹ ਸ਼ੈਤਾਨ ਦਾ ਕੀ ਕੰਮ ਹੈ। ਅਤੇ ਖੁਦਾ ਦੇ ਵਚਨ ਦੇ ਚਾਨਣ ਹੇਠ ਮੈਂ ਯਿਸੂ ਮਸੀਹ

ਦੇ ਨਾਮ ਵਿੱਚ ਇਹ ਨੂੰ ਦੋਸ਼ੀ ਠਹਿਰਾਉਂਦਾ ਹਾਂ ਅਤੇ ਕਹਿੰਦਾ ਹਾਂ, "ਸਾਨੂੰ ਇੱਕ ਨਵੇਂ ਰੂਪ ਵਿੱਚ, ਪਵਿੱਤਰ ਆਤਮਾ ਦੇ ਮਸਹ ਪਾਏ ਹੋਏ। ਨਵਾਂ ਜਨਮ ਪਾ ਕੇ, ਹਲੀਮੀ ਦੀ ਚਾਲ ਚਲਦੇ ਖੁਦਾ ਦੀ ਹਜੂਰੀ ਹੇਠ ਆਉਣ ਵਾਲੇ ਦਿਨਾਂ ਅੰਦਰ ਲਗਾਤਾਰ, ਆਕਾਸ਼ ਵਿੱਚ ਉਠਾਏ ਜਾਣ ਲਈ ਤਿਆਰ ਹੋਈਏ। ਚੀਜ਼ਾਂ ਵੱਲੋਂ ਮੁੜ ਆਉ...ਤੁਸੀਂ ਖੁਦਾ ਦੇ ਲੋਕੋ, ਆਪਣੇ ਗੋਡਿਆਂ ਤੇ ਝੁਕੋ ਤੁਸੀਂ ਖੁਦਾ ਦੀ ਕਲੀਸਿਯਾ, ਜੋ ਤੁਸੀਂ ਦਾਵਾ ਕਦੇ ਹੋ ਕਿ ਤੁਸਾਂ ਖੁਦਾ ਦੀਆਂ ਆਸ਼ਿਸ਼ਨ ਦੇ ਚੱਕਰ ਨੂੰ ਚੁੰਮਿਆ ਖੁਦਾ ਦੇ ਵਚਨ ਅੰਦਰ ਖੜ੍ਹੇ ਹੋ ਜਾਉ। ਅਤੇ ਕੋਈ ਵੀ ਚੀਜ਼ ਜੋ ਇਸ ਦੇ ਵਿਰੁੱਧ ਹੈ, ਇਸ ਤੋਂ ਦੂਰ ਰਹੋ ਅਤੇ ਅਗਾਂਹ ਚਲਦੇ ਜਾਉ। ਸ਼ਾਮ ਦੇ ਚਾਨਣੇ ਇੱਥੇ ਹਨ। ਪ੍ਰਭੂ ਯਿਸੂ ਛੇਤੀ ਆ ਰਿਹਾ ਹੈ।

ਆਗਿਆ ਹੋਵੇ ਅਸੀਂ ਬਸ ਇੱਕ ਪਲ ਭਰ ਲਈ ਆਪਣੇ ਸਿਰਾਂ ਨੂੰ ਝੁਕਾਈਏ।

185 ਔਹ, ਉਸ ਮਹਾਨ ਦਿਨ ਤਾਈ, ਉਸ ਦਿਨ ਵਾਲੇ ਦਿਨ, ਅਤੇ ਕਿਤਾਬਾਂ ਦੀ ਕਿਤਾਬ ਲਈ। "ਅਤੇ ਕਿਤਾਬਾਂ ਖੋਲ੍ਹੀਆਂ ਗਈਆਂ, ਅਤੇ ਹਰੇਕ ਮਨੁੱਖ ਦਾ ਨਿਆਂ ਉਸ ਕਿਤਾਬ ਵਿੱਚ ਲਿਖੇ ਵਚਨਾਂ ਦੇ ਅਨੁਸਾਰ ਕੀਤਾ ਗਿਆ।"

186 ਭੁਲੇਖੇ ਵਿੱਚ ਪਏ ਮੇਰੇ ਗਰੀਬ ਮਿੱਤਰ, ਹਾਂ...ਸਾਰੇ ਤਾਂ ਨਹੀ, ਮੇਰੇ ਮਿੱਤਰ, ਤੂੰ ਜਿਸ ਨੇ ਵਿਅਰਥ ਕੋਸ਼ਿਸ਼ ਕੀਤੀ ਹੈ, ਅਤੇ ਪੋਣ ਨਾਲ ਯੁੱਧ ਕੀਤਾ ਹੈ। ਮੈਂ ਗੌਹ ਕੀਤਾ, ਜਿਵੇਂ ਕਿ ਇੱਕ ਪੰਛੀ ਨੇ ਚਾਨਣ ਨੂੰ ਖਤਮ ਕਰਨ ਲਈ ਖਿੜਕੀ ਨੂੰ ਆਪਣੇ ਸਿਰ ਨਾਲ ਸੱਟ ਲਾਉਣ ਦੀ ਕੋਸ਼ਿਸ਼ ਕੀਤੀ। ਉਸ ਨੇ ਕੀ ਕੀਤਾ? ਉਸ-ਉਸ ਨੇ ਬਸ ਚਾਨਣ ਨੂੰ ਖਤਮ ਕਰਨ ਲਈ ਆਪਣਾ ਹੀ ਦਿਮਾਗ ਬਾਹਰ ਕੱਢ ਲਿਆ। ਰੋਸ਼ਨੀ ਚਮਕਾਂ ਦੀ ਹੀ ਗਈ।

187 ਇੱਕ ਦਿਨ, ਉੱਥੇ ਉੱਚੀ ਥਾਂ ਤੇ, ਅਜਾਦੀ ਦੇ ਨਿਸ਼ਾਨ (ਵਾਲੇ ਬੁੱਤ) ਦੀ ਉੱਪਰ ਨੂੰ ਖੜ੍ਹੀ ਕੀਤੀ ਬਾਂਹ ਵੱਲ ਅੰਦਰ ਚੁਗਿਰਦੇ ਛੋਟੇ ਪੰਛੀ ਮਰੇ ਪਏ ਸਨ। ਮੈਂ ਪੁੱਛਿਆ, "ਕੀ ਹੋਇਆ ਹੈ?"

188 ਮਨੁੱਖ ਨੇ ਦੱਸਿਆ, "ਉੱਧਰ-ਪਿਛਲੀ ਰਾਤ ਉੱਧਰ ਤੂਫ਼ਾਨ ਆਇਆ ਸੀ। ਅਤੇ ਤੂਫ਼ਾਨ ਅੰਦਰ ਇਹ ਛੋਟੇ ਪੰਛੀ ਉੱਡੇ। ਬਚਾਉ ਵਾਸਤੇ ਜਾਣ ਨੂੰ ਚਾਨਣੇ ਨੂੰ ਵਰਤਨ ਦੇ ਥਾਂ ਤੇ, ਆਪਣੇ ਛੋਟੇ ਖੰਭਾਂ ਨਾਲ ਉਹਨਾਂ ਰੋਸ਼ਨੀ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਨੇ ਆਪਣੇ ਦਿਮਾਗਾਂ ਨੂੰ ਸੱਟਾਂ ਲਾ ਕੇ ਬਾਹਰ ਕੱਢ ਲਿਆ"।

189 ਖੁਦਾ ਦੇ ਵਚਨ ਨੂੰ ਉਹ ਜੋ ਕੁਝ ਨਹੀ ਕਹਿੰਦਾ, ਉਹ ਕਹਿਣ ਲਈ ਆਪਣੇ ਦਿਮਾਗਾਂ ਨਾਲ ਸੱਟ ਲਾ ਕੇ ਬਾਹਰ ਕਢ ਦੇਣ ਦੀ ਕੋਸ਼ਿਸ਼ ਨਾ ਕਰੋ। ਅੱਜ ਦੇ ਦਿਨ ਦੀਆਂ ਸੰਗਤਾਂ ਨਾਲ ਤੁਲਨਾ ਕਰਨ ਦੀ ਕੋਸ਼ਿਸ਼ ਨਾ ਕਰੋ, ਕਿਉਂ ਕਿ,

"ਜੇਕਰ ਤੁਸੀਂ ਸੰਸਾਰ ਜਾਂ ਉਸ ਦੀਆਂ ਚੀਜ਼ਾਂ ਨੂੰ ਪਿਆਰ ਕਰਦੇ ਹੋ ਤਾਂ ਖੁਦਾ ਦਾ ਪਿਆਰ ਤੁਹਾਡੇ ਵਿੱਚ ਨਹੀ ਹੈ।"

190 ਬਸ ਅੱਜ ਰਾਤ, ਕਿਉਂ ਨਹੀ ਅੰਜੀਲ ਦੇ ਚਾਨਣ ਨੂੰ ਲੈ ਕੇ ਸੁਰਖਿਅਤ ਵਾਲੇ ਥਾਂ ਤੇ ਉੱਡ ਕੇ ਚਲੇ ਜਾਂਦੇ? "ਹੇ ਖੁਦਾ ਸਾਨੂੰ ਬਚਾ ਲੈ।"

191 ਸਵਰਗੀ ਪਿਤਾ, ਜਿਵੇਂ ਆਦਮੀ ਅਤੇ ਔਰਤਾਂ, ਲੜਕੇ ਅਤੇ ਲੜਕੀਆਂ ਜੋ ਇੱਥੇ ਹੋਏ ਹਨ, ਇੱਕ ਸਦੀਪਕ ਕਾਲ ਅੰਦਰ ਸ਼ਾਮਲ ਹੋਣ ਲਈ, ਪੈਟਰੋਲੀਅਮ (ਖਣਿਜ ਤੇਲ) ਬ੍ਰਹਿਮੰਡ ਸੰਬੰਧੀ ਇਸ ਸੰਸਾਰ ਦੇ ਚਾਨਣ ਦੇ ਸੋਲ੍ਹਾਂ ਤੱਤਾਂ ਦੇ ਅਸੀਂ ਬਣੇ ਹਾਂ। ਉਨ੍ਹਾਂ ਦੀਆਂ ਬਦਨਾਂ ਅੰਦਰ ਇੱਕ ਆਤਮਾ ਹੈ ਜੋ ਕਦਰ ਵਾਲਾ ਹੈ, ਸ਼ੁਰੂਆਤ ਦਾ ਸ਼ੁਰੂ ਹੈ।

192 ਪ੍ਰਭੂ ਮੈਂ ਤੇਰੇ ਅੱਗੇ ਬੇਨਤੀ ਕਰਦਾ ਹਾਂ ਉਸ ਦਿਲ ਅੰਦਰਲੇ ਆਤਮਾ ਅੰਦਰ ਹੁਣੇ ਕੰਮ ਕਰ, ਜੋ ਕੋਮਲ ਜਗ੍ਹਾ ਹਮੇਸ਼ਾ ਜਿਉਂਦੀ ਰਹਿੰਦੀ ਹੈ, ਉੱਥੋਂ ਹੀ ਅਸੀਂ ਅੱਗੇ ਵੱਧਦੇ ਹਾਂ। ਮੇਰੀ ਬੇਨਤੀ ਹੈ ਤੂੰ ਅੱਜ ਰਾਤ ਹਰੇਕ ਪਾਪੀ ਨੂੰ ਬਚਾ ਲੈ। ਕਾਸ਼ ਕਿ ਉਹ ਮੰਨਣ, ਕਿ ਇਹ ਮੀਲ ਪੱਥਰ (ਫਰਜ ਨਿਬਾਉਣ ਵਾਲੇ ਕੰਮ) ਜਿਨ੍ਹਾਂ ਨੂੰ ਅਸੀਂ ਲੰਘਦੇ ਜਾ ਰਹੇ ਹਾਂ ਇਹ ਨਿਸ਼ਾਨ ਜੋ ਸੜਕ ਦੇ ਦੋਨਾਂ ਪਾਸਿਆਂ ਤੇ ਚਾਨਣ ਫੈਲਾ ਰਹੇ ਹਨ, ਇਹ ਸਿਰਫ ਇੱਕ ਧਰਮੀ ਪ੍ਰਭੂ ਯਿਸੂ ਦੇ ਜਲਦੀ ਪ੍ਰਗਟ ਹੋਣ ਦਾ ਇਸ਼ਾਰਾ ਕਰ ਰਹੇ ਹਨ, ਜੋ ਜੀਵਨ ਦੇ ਵਾਸਤੇ ਇੱਕ ਵੀ ਮਿੱਤਰ ਹੋਵੇ, ਜਿਸ ਨੂੰ ਜਾਨਣਾ ਸਦੀਪਕ ਜੀਵਨ ਨੂੰ ਜਾਣ ਜਾਨਣਾ ਹੈ। ਅਤੇ ਅਸੀਂ ਸਿਰਫ ਉਸ ਨੂੰ ਬਾਈਬਲ ਅਨੁਸਾਰ ਹੀ ਜਾਣ ਸਕਦੇ ਹਾਂ, ਆਪਣੇ ਚਰਚ ਰਾਹੀਂ ਨਹੀ, ਪਰ ਜਨਮ ਰਾਹੀਂ, ਨਵੇਂ ਜਨਮ ਰਾਹੀਂ ਜੀਵਨ ਪਾਉਣ ਨਾਲ।

193 ਅਤੇ, ਪਿਤਾ, ਮੈਂ ਸਾਰੇ ਦਿਲ ਤੋਂ ਨਿਹਚਾ ਕਰਦਾ ਹਾਂ, ਮੇਰੇ ਸਮੇਤ ਇੱਥੇ ਇੱਕ ਨਾਸ਼ਵਾਨ ਮਨੁੱਖ ਨਹੀ ਹੈ, ਜੋ ਦੋਸ਼ੀ ਠਹਿਰਨਾ ਚਾਹੇ ਜਾਂ ਨਰਕ ਵਿੱਚ ਜਾਣਾ ਚਾਹੇ। ਅਤੇ ਅਸੀਂ ਕਿਉਂ ਆਪਣੇ ਸਾਹਮਣੇ ਕਿਸੇ ਚੀਜ਼ ਨੂੰ ਆਪਣੇ ਰਸਤੇ ਵਿੱਚ ਖੜੋਣ ਦਈਏ? ਅਸੀਂ ਕਿਉਂ ਮੇਚ ਖਾਨ ਵਾਲੀ ਨਕਲ ਨੂੰ ਕਬੂਲ ਕਰੀਏ ਜਦ ਕਿ ਸਾਡੇ ਪਾਸ ਆਕਾਸ਼ ਅਸਲੀ ਚੀਜ਼ ਨਾਲ ਭਰੇ ਹਨ।

194 ਅਤੇ ਜਦ ਕਿ ਧਰਤੀ ਬਾਬੁਲ ਦੀ ਵੱਡੀ ਸੰਗਤ ਵਿੱਚ ਸ਼ਰਾਬ ਪੀਣ ਦੀ ਗੁੱਟ ਹਾਲਤ ਨਾਲ ਪਾਈ ਜਾਂਦੀ ਹੈ, ਅੱਧੀਆਂ ਨੰਗੀਆਂ ਔਰਤਾਂ, ਸਰੀਤਾਂ ਜਿਸ ਤਰ੍ਹਾਂ ਕਿ ਨਬੂਕਦਨੱਸਰ ਕੋਲ ਸਨ, ਹੱਥ ਲਿਖਤ ਕੰਧ ਤੇ ਹੋ ਰਹੀ ਹੈ। ਵੇਖਣ ਵਾਲੇ (ਨਬੀ) ਇਸ ਨੂੰ ਬੀਤਦੇ ਵੇਖ ਰਹੇ ਹਨ, ਮਨੁੱਖੀ ਔਸਤ ਵਿਚੋਂ ਕੌਣ ਜਾਗ ਉੱਠਦਾ ਹੈ। ਅਸੀਂ ਇਹ ਵੇਖ ਰਹੇ ਹਾਂ ਕਿਉਂ ਇਹ ਵਚਨ ਅੰਦਰ ਦਰਜ ਹੈ। "ਇਸ ਸਮੇਂ ਪਾਣੀ ਤਾਂ ਨਹੀ ਪਰ ਅੱਗ ਹੋਵੇਗੀ।" ਅਤੇ ਅਸੀਂ ਕੰਧ ਤੇ

ਹੱਥ ਲਿਖਤ ਵੇਖਦੇ ਹਾਂ। ਅਸੀਂ ਵੇਖਦੇ ਹਾਂ ਕਿ ਹਰੇਕ ਜਾਤੀ ਦੋਸ਼ੀ ਠਹਿਰਾਈ ਗਈ ਹੈ।

195 ਅਤੇ ਖ਼ੁਦਾ ਨਵੇਂ-ਸਿਰਿਉਂ ਜਨਮ ਪਾਈ ਹੋਈ ਆਪਣੀ ਕਲੀਸਿਯਾ ਨੂੰ ਲੈਣ ਜਾ ਰਿਹਾ ਹੈ। ਵੇਲਾ ਆ ਢੁਕਿਆ ਹੈ ਜਦ ਪਿਛਲੇ ਯੁੱਗ ਅੰਦਰ ਲੂਥਰਨ, ਮੈਥੋਡੀਸਟ ਯੁੱਗ, ਸਾਰੇ ਯੁੱਗਾਂ ਵਿੱਚ, ਜੋ ਸਾਰੇ ਸੱਚੇ ਮਨ ਨਾਲ ਖ਼ੁਦਾ ਵਿੱਚ ਸੌਂ ਗਏ। ਜਿਸ ਸਮੇਂ ਦਾਣਾ ਇੱਕ ਛੋਟੀ ਪੱਤੀ ਹੀ ਸੀ, ਅਤੇ ਜਦੋਂ ਇਹ ਇੱਕ ਛੋਟਾ ਬੂੰਬਲ ਹੀ ਸੀ। ਪਰ ਇਹ ਸਾਰੇ ਮਿਲ ਕੇ ਇੱਕ ਜੀਵਨ ਵਿੱਚ ਇਕੱਠੇ ਹੋਣਗੇ, ਅਤੇ ਉਠਾਏ ਜਾਣਾ ਹੋਵੇਗਾ। ਉਹ ਸਾਰੇ ਇੱਕਠੇ ਹੋ ਕੇ ਪ੍ਰਭੂ ਯਿਸੂ ਦੀ ਮਹਾਨ ਸੁੰਦਰ ਦੇਹੀ ਬਣਾਉਣਗੇ ਇਹ ਨੇੜੇ ਹੀ ਹੈ।

196 ਤੂੰ ਦੱਸਿਆ, “ਜੋ ਇਹ ਨੂੰ ਰੱਧ ਦੇਣਗੇ, ਬਾਹਰ ਦੇ ਅੰਧਘੋਰ ਵਿੱਚ ਸੁੱਟ ਦਿੱਤੇ ਜਾਣਗੇ, ਉੱਥੇ ਰੋਣਾ, ਵਿਲਕਣਾ, ਅਤੇ ਕਚੀਚੀਆਂ ਵੱਟਣਾ ਹੋਵੇਗਾ।” ਪਿਤਾ, ਖ਼ੁਦਾ ਉੱਥੇ ਇੱਕ ਇਨਸਾਨ ਵੀ ਜਾਣਾ ਨਹੀ ਚਾਹੇਗਾ।

197 ਔਹ, ਖ਼ੁਦਾ ਸਾਡੇ ਤੇ ਰਹਿਮ ਕਰ, ਅਤੇ ਸਾਡੇ ਪਸ਼ਚਾਤਾਪੀ ਦਿਲਾਂ ਨਾਲ ਆਪਣੇ ਸਿਰਾਂ ਨੂੰ ਖਾਕ ਵੱਲ ਝੁਕਾਏ ਹੋਏ ਹਾਂ, ਜਿੱਥੋਂ ਤੂੰ ਸਾਨੂੰ ਲਿਆ ਹੈ, ਅਤੇ ਜੇ ਤੂੰ ਠਹਿਰਿਆ ਰਹੇ, ਅਸੀਂ ਉੱਥੇ ਹੀ ਮੁੜ ਜਾਵਾਂਗੇ। ਜਿਵੇਂ ਮੈਂ ਗੰਭੀਰਤਾ ਪੂਰਵਕ ਇਸ ਉਡੀਕ ਕਰ ਰਹੀ ਸਭਾ ਲਈ ਬੇਨਤੀ ਕਰਦਾ ਹਾਂ। ਅੱਜ ਰਾਤ ਇਸ ਸੰਦੇਸ਼ ਤੋਂ ਬਾਅਦ ਮੇਰੀ ਪ੍ਰਾਰਥਨਾ ਹੈ ਕਿ ਤੂੰ ਆਪਣੀ ਹਜ਼ੂਰੀ ਵਿੱਚ ਲੋਕਾਂ ਨੂੰ ਖੜ੍ਹੇ ਹੋਣ ਦਾ ਅਹਿਸਾਸ ਦਿਲਾਵਾਂਗਾ।

198 ਅਤੇ ਜਦ ਕਿ ਅਸਾਂ ਸਿਰ ਝੁਕਾਏ ਹੋਏ ਹਨ, ਕੀ ਕੋਈ ਇੱਕ ਅਜਿਹਾ ਮਨੁੱਖ ਇੱਥੇ ਹੈ...ਸਗੋਂ ਕਿੰਨੇ ਕੁ ਹਨ, (ਤੁਹਾਡੇ ਵਿਚੋਂ ਬਹੁਤ ਤੁਰਨ ਲਈ ਤਿਆਰ ਹਨ।) ਤੁਸਾਂ ਮੰਨ ਲਿਆ ਹੈ ਕਿ ਤੁਹਾਡੇ ਜੀਵਨ ਨੇ ਖ਼ੁਦਾ ਦੇ ਵਚਨ ਨਾਲ ਮੇਲ ਨਹੀ ਖਾਧਾ। ਅਤੇ ਤੁਸੀਂ ਢਿੱਲੇ ਮੱਥੇ ਰਹੇ ਹੋ। ਤੁਸਾਂ ਨਿਹਚਾ ਦਾ ਅੱਧਾ ਰਾਹ ਅਪਣਾਇਆ ਹੈ। ਅਤੇ ਤੁਸਾਂ ਇੱਕ ਛੋਟਾ ਹੰਭਲਾ ਮਾਰਿਆ ਹੈ, ਅਤੇ ਤੁਸੀਂ ਇੱਕ ਥੋੜ੍ਹਾ *ਉਸ* ਵਿਚੋਂ ਅਤੇ ਥੋੜ੍ਹਾ *ਇਸ* ਵਿਚੋਂ ਕੀਤਾ, ਅੱਜ ਰਾਤ ਤੁਸੀਂ ਇਸ ਤੋਂ ਬੀਮਾਰ ਅਤੇ ਥੱਕੇ ਹੋਏ ਹੋ। ਔਹ, ਤੁਸੀਂ ਚਰਚ ਅੰਦਰ ਦਾਖਲ ਹੋਏ ਹੋ, ਇਹ ਸਚ ਹੈ, ਹੋ ਸਕਦਾ ਹੈ ਤੁਸੀਂ ਨਹੀ ਹੋਏ। ਮੈਨੂੰ ਪਤਾ ਨਹੀ ਹੈ। ਪਰ, ਖ਼ੁਦਾ ਸਾਹਮਣੇ ਹੋ ਸਕਦਾ ਹੈ ਸਵੇਰ ਚੜਨ ਤੋਂ ਪਹਿਲਾਂ ਹੀ ਸਾਨੂੰ ਜਿਸ ਦੀ ਹਜ਼ੂਰੀ ਵਿੱਚ ਖੜ੍ਹਾ ਹੋਣਾ ਪਏ ਯਾਦ ਰਹੇ ਦਿਨ ਚੜਨ ਤੋਂ ਪਹਿਲਾਂ ਹੀ। ਇਸ ਸਾਰੀ ਚੀਜ਼ ਨੂੰ ਇੱਕ ਆਇਟਮ ਵਾਲੀ ਮਿਜ਼ਾਇਲ ਪੂਰੀ ਤਰ੍ਹਾਂ ਤਬਾਹ ਕਰ ਦੇਵੇ। ਹੁਣ ਇਸ ਸਮੇਂ ਰੂਸ ਵਿੱਚ ਦਿਨ ਦਾ ਵੇਲਾ ਹੈ।

199 ਉਸ ਨੇ ਆਖਿਆ, "ਦੋ ਜਣੇ ਬਿਸਤਰ ਤੇ ਹੋਣਗੇ", ਜਿਸ ਵੇਲੇ ਉਹ ਆਏਗਾ ਕਿਸੇ ਜਗ੍ਹਾ ਤੇ ਜਰੂਰ ਰਾਤ ਹੋਵੇਗੀ, "ਇੱਕ ਲੈ ਲਿਆ ਜਾਏਗਾ, ਦੂਸਰਾ ਛੱਡ ਦਿੱਤਾ ਜਾਏਗਾ।"

200 ਕੀ ਤੁਸੀਂ ਖੁਦਾ ਦੇ ਵਚਨ ਦੇ ਚਾਨਣ ਨਾਲ ਆਪਣੇ ਦਿਲ ਅੰਦਰ ਸੰਤੁਸ਼ਟ ਹੋ, ਕੀ ਤੁਸੀਂ ਖੁਦਾ ਦੇ ਆਤਮਾ ਤੋਂ ਫੇਰ ਜਨਮ ਲਿਆ ਹੈ ਅਤੇ ਆਤਮਾ ਦੇ ਫਲ ਤੁਹਾਡੇ ਜੀਵਨ ਅੰਦਰ, ਪ੍ਰੇਮ, ਆਨੰਦ, ਸ਼ਾਂਤੀ ਸਬਰ, ਭਲਿਆਈ, ਨਿਹਚਾ, ਹਲੀਮੀ, ਬਰਦਾਸ਼ਤ ਨਾਲ ਪੈਦਾ ਹੋ ਰਹੇ ਹਨ? ਇ ਤੁਹਾਡੇ ਅੰਦਰ ਹਨ?

201 ਜੇਕਰ ਨਹੀ, ਕੀ ਤੁਸੀਂ ਉਸ ਤਰ੍ਹਾਂ ਦੇ ਹੋਵੋਗੇ- ਉਨੇ ਸਮਝਦਾਰ, ਕਾਸ਼ ਕਿ ਮੈਂ ਇਸ ਨੂੰ ਉਸੇ ਤਰ੍ਹਾਂ ਪੇਸ਼ ਕਰਾਂ, ਜਿਸ ਤਰ੍ਹਾਂ ਤੁਸੀਂ ਖੁਦਾ ਵੱਲ ਆਪਣੇ ਹੱਥ ਖੜ੍ਹੇ ਕਰੋ, ਅਤੇ ਤੁਸੀਂ ਮੰਨੋ ਕਿ ਤੁਸੀਂ ਗਲਤ ਹੋ, ਇਹ ਆਖਦੇ ਹੋਏ ਕਿ "ਖੁਦਾ, ਮੇਰੇ ਤੇ ਦਿਆ ਕਰ, ਅਤੇ ਮੇਰੀ ਮਦਦ ਕਰ ਕਿ ਮੈਂ ਤੇਰੀ ਖਾਹਿਸ ਅਨੁਸਾਰ ਠੀਕ ਤਰ੍ਹਾਂ ਦਾ ਮਸੀਹੀ ਹੋਵਾਂ, ਮੈਨੂੰ ਪਵਿੱਤਰ ਆਤਮਾ ਦੇ ਕੇ ਇੱਕ ਖੁਦਾਈ ਜੀਵਨ ਜਿਉਣਾ ਬਖਸ਼?" ਕੀ ਤੁਸੀਂ ਖੁਦਾ ਵੱਲ ਆਪਣਾ ਹੱਥ ਖੜ੍ਹਾ ਕਰੋਗੇ? ਬਹੁਤ-ਬਹੁਤ ਹੱਥ ਖੜ੍ਹੇ ਹਨ, ਖੁਦਾ ਹਰੇਕ ਨੂੰ ਆਸ਼ੀਸ਼ ਦੇਵੇ।

202 ਹੁਣ, ਕੀ ਹੋਰ ਹਨ, ਜੋ ਆਪਣਾ ਹੱਥ ਖੜ੍ਹਾ ਕਰਨਾ ਚਾਹੁਣਗੇ, ਜਿਨ੍ਹਾਂ ਉਸ ਵੇਲੇ ਖੜ੍ਹੇ ਨਹੀ ਕੀਤੇ? ਕੀ ਤੁਸੀਂ ਆਪਣਾ ਹੱਥ ਖੜ੍ਹਾ ਕਰੋਗੇ? ਔਰਤ...ਖੁਦਾ ਤੈਨੂੰ ਆਸ਼ੀਸ਼ ਦੇਵੇ, ਅਦਮੀਓ, ਔਰਤੋ, ਤੁਹਾਡਾ ਅਸਲੀ ਮਤਲਬ ਹੈ...ਖੁਦਾ ਤੁਹਾਨੂੰ ਆਸ਼ੀਸ਼ ਦੇਵੇ, ਬੀਬੀ। ਖੁਦਾ ਤੈਨੂੰ ਆਸ਼ੀਸ਼ ਦੇਵੇ, ਸ਼੍ਰੀ ਮਾਨ ਜੀ ਖੁਦਾ ਤੈਨੂੰ ਆਸ਼ੀਸ਼ ਦੇਵੇ। ਭੈਣ ਜੀ। ਖੁਦਾ ਤੈਨੂੰ ਆਸ਼ੀਸ਼ ਦੇਵੇ, ਛੋਟੇ ਮੁੰਡੇ।

203 ਕੀ ਤੁਸੀਂ ਇਸ ਦੀ ਗੰਭੀਰਤਾ ਨੂੰ ਮੰਨ ਦੇ ਹੋ? ਤੁਸੀਂ ਇਸ ਦੀ ਗੰਭੀਰਤਾ ਨੂੰ ਮੰਨਦੇ ਹੋ? ਤੁਸੀਂ ਜੋ ਕਲੀਸਿਯਾ ਵਿੱਚ ਸਿਰਫ ਇੱਕ ਸੰਦੇਸ਼ ਸੁਣਨ ਲਈ ਹੀ ਨਹੀ ਆਉਂਦੇ...ਜਾਂ ਇੱਕ ਸੰਦੇਸ਼ ਦੇਣ ਵਾਲੇ ਨੂੰ ਵੇਖਣ ਨੂੰ ਮੇਰਾ ਮਤਲਬ। ਤੁਸੀਂ ਸੰਦੇਸ਼ ਸੁਣਨ ਲਈ ਆਉਂਦੇ ਹੋ। ਅਤੇ ਸੰਦੇਸ਼ ਪਵਿੱਤਰ ਆਤਮਾ ਹੈ, ਜੋ ਖੁਦਾ ਦੇ ਵਚਨ ਨੂੰ ਲੈ ਕੇ ਤੁਹਾਨੂੰ ਦਿੰਦਾ ਹੈ।

204 ਹੁਣ, ਇਸ ਬਾਰੇ ਕੀ ਗੱਲ ਹੈ? ਹੋ ਸਕਦਾ ਹੈ ਸਵੇਰ ਨੂੰ ਬਹੁਤ ਦੇਰੀ ਹੋ ਜਾਏ। ਤੁਸਾਂ ਜਿਨ੍ਹਾਂ ਨੇ ਹੁਣ ਤੱਕ ਹੱਥ ਖੜ੍ਹੇ ਨਹੀ ਕੀਤੇ ਕੀ ਤੁਸੀਂ ਖੁਦਾ ਦੀ ਹਜੂਰੀ ਅੰਦਰ ਖੜ੍ਹੇ ਕਰਕੇ ਆਖੋ, "ਖੁਦਾ ਮੇਰੇ ਤੇ ਰਹਿਮ ਕਰ, ਮੈਂ ਤੇਰਾ ਆਤਮਾ ਆਪਣੇ ਅੰਦਰ ਚਾਹੁੰਦਾ ਹਾਂ?" ਇਸ ਲਈ...ਸ਼੍ਰੀਮਾਨ ਜੀ ਖੁਦਾ ਤੁਹਾਨੂੰ ਆਸ਼ੀਸ਼ ਦੇਵੇ। ਖੁਦਾ ਤੈਨੂੰ ਆਸ਼ੀਸ਼ ਦੇਵੇ। ਉਥੇ ਪਿਛਲੇ ਪਾਸੇ ਖੁਦਾ ਤੈਨੂੰ ਆਸ਼ੀਸ਼ ਦੇਵੇ, ਖੁਦਾ ਤੈਨੂੰ ਆਸ਼ੀਸ਼ ਦੇਵੇ, ਅਤੇ ਤੈਨੂੰ, ਅਤੇ ਤੈਨੂੰ, ਅਤੇ ਤੈਨੂੰ ਦੇਵੇ। ਹਾਂ ਸ਼੍ਰੀ ਮਾਨ ਜੀ ਖੁਦਾ ਤੈਨੂੰ ਆਸ਼ੀਸ਼ ਦੇਵੇ। ਸ਼੍ਰੀਮਾਨ ਜੀ ਖੁਦਾ ਤੈਨੂੰ ਆਸ਼ੀਸ਼ ਦੇਵੇ।

205 ਕੀ ਤੁਸੀਂ ਇਹ ਕਹਿਣ ਨੂੰ ਰਜਾਮੰਦ ਹੋਵੋਂਗੇ, "ਖ਼ੁਦਾ ਮੈਂ ਬਰਬਾਦੀ ਦੇ ਘਰ ਹੇਠਾਂ ਨੂੰ ਜਾ ਰਿਹਾ ਹਾਂ। ਮੈਂ ਰੋਗੀ ਅਤੇ ਥੱਕਿਆ ਹਾਂ। ਮੈਂ ਹਮੇਸ਼ਾ ਇੱਕ ਸਮਰਪਣ ਜੀਵਨ ਨੂੰ ਚਾਹਿਆ ਹੈ। ਅਤੇ ਅੱਜ ਰਾਤ ਮੈਂ ਘੁਮਿਆਰ ਦੇ ਘਰ ਵੱਲ ਹੇਠਲੇ ਪਾਸੇ ਜਾ ਰਿਹਾ ਹਾਂ, ਆਪਣੇ ਦਿਲ ਨੂੰ ਤਿਆਗਣ ਅਤੇ ਕਹਿਣ ਲਈ, ਖ਼ੁਦਾ, ਇਸ ਨੂੰ ਚਕਨਾਚੂਰ ਕਰ, ਅਤੇ ਮੈਨੂੰ ਇੱਕ ਨਵਾਂ ਦਿਲ ਦੇ ਅਤੇ ਆਪਣਾ ਆਤਮਾ ਠੀਕ ਉਸ ਅੰਦਰ ਪਾ ਦੇ। ਅਤੇ ਮੇਰੇ ਜੀਵਨ ਨੂੰ ਠੀਕ ਆਪਣੇ ਆਤਮਾ ਅਨੁਸਾਰ ਚਲਾ। ਮੈਨੂੰ ਇਸ ਦਿਨ ਵਾਲਾ ਮਿਕਾਯਾਹ ਬਣਾ, ਤਾਂ ਕਿ ਮੈਂ ਯਹੋਵਾਹ ਇਉਂ ਫਰਮਾਉਂਦਾ ਹੈ ਅਤੇ ਖੜਾ ਹੋ ਸਕਾਂ। ਮੇਰਾ ਦਰਸ਼ਨ, ਮੇਰਾ ਜੀਵਨ ਜੋ ਕਿ ਮੈਂ ਤੇਰੇ ਸਾਹਮਣੇ ਗੁਜਾਰਾਂ, ਮੈਂ ਆਪ ਨਾ ਗੁਜਾਰਾਂ ਪਰ ਆਤਮਾ ਰਾਹੀਂ ਬਾਈਬਲ ਦੀ ਮੰਗ ਵਾਲਾ ਜੀਵਨ ਬਿਤਾਵਾਂ। ਮੈਂ ਇਸੇ ਤਰ੍ਹਾਂ ਦਾ ਹੋਣਾ ਚਾਹੁੰਦਾ ਹਾਂ। ਹੇ ਖ਼ੁਦਾ ਆਪਣੇ ਰਹਿਮ ਨਾਲ ਮੈਨੂੰ ਇਸੇ ਤਰ੍ਹਾਂ ਦਾ ਕਰ?"

206 ਹੁਣ, ਕਿਸੇ ਇੱਕ ਜਿਸ ਨੇ ਆਪਣਾ ਹੱਥ ਨਹੀ ਚੁੱਕਿਆ, ਕੀ ਤੁਸੀਂ ਹੁਣ ਖੜ੍ਹਾ ਕਰੋਗੇ, ਬੀਬੀ। ਖ਼ੁਦਾ ਤੈਨੂੰ ਆਸ਼ੀਸ਼ ਦੇਵੇ। ਖ਼ੁਦਾ ਤੈਨੂੰ ਆਸ਼ੀਸ਼ ਦੇਵੇ। ਬੀਬੀ ਖ਼ੁਦਾ ਤੈਨੂੰ ਆਸ਼ੀਸ਼ ਦੇਵੇ। ਖ਼ੁਦਾ ਤੈਨੂੰ ਆਸ਼ੀਸ਼ ਦੇਵੇ। ਬਸ ਠੀਕ ਖਾਮੋਸ਼ੀ ਨਾਲ ਬੈਠੋ, ਜਦ ਕਿ ਤੁਸੀਂ ਹੁਣ ਪ੍ਰਾਰਥਨਾ ਕਰ ਰਹੇ ਹੋ। ਹਰੇਕ ਸਿਰ ਝੁਕਾਏ ਹੋਏ, ਹਰੇਕ ਅੱਖ ਬੰਦ ਕੀਤੇ ਹੋਏ, ਹਰੇਕ ਬੇਨਤੀ ਅੰਦਰ। ਬਸ ਹੁਣ ਨਿਰਮਾਈ, ਮਿਠਾਸ ਨਾਲ ਇਸ ਨੂੰ ਕਬੂਲ ਕਰੋ।

> ਤੇਜ ਪਰਿਵਰਤਨ (ਉਲਥਾ)
> ਧਰਤੀ ਤੇ ਅੱਟਲ ਖੜੇ ਹੋਣ ਲਈ ਕੁਝ ਵੀ ਨਹੀ,
> ਆਪਣੀਆਂ ਉਮੀਦਾਂ ਆਨੰਤ ਚੀਜ਼ਾਂ ਤੇ ਬੰਨ੍ਹ,
> ਪ੍ਰਭੂ ਦੇ ਨਾ ਬਦਲਣ ਵਾਲੇ ਹੱਥ ਨੂੰ ਫੜ੍ਹ ਕੇ ਰੱਖ!
>
> ਪ੍ਰਭੂ ਦੇ ਨਾ ਬਦਲਣ ਵਾਲੇ ਹੱਥ ਨੂੰ ਫੜ੍ਹ!
> ਪ੍ਰਭੂ ਦੇ ਨਾ ਬਦਲਣ ਵਾਲੇ ਹੱਥ ਨੂੰ ਫੜ੍ਹ,
> ਆਪਣੀ ਉਮੀਦ ਆਨੰਤ ਚੀਜ਼ਾਂ ਤੇ ਰੱਖ,
> ਪ੍ਰਭੂ ਦੇ ਨਾ ਬਦਲਣ ਵਾਲੇ ਹੱਥ ਨੂੰ ਫੜ੍ਹ!

ਹੁਣ ਤਸੀ ਪ੍ਰਭੂ ਨਾਲ ਅੰਦਰ ਬੰਦ ਹੋ ਜਾਉ।

> ਜਦ ਤੁਹਾਡਾ ਸਫਰ ਪੂਰਾ ਹੋ ਗਿਆ, (ਔਹ)
> ਜੇ ਤੁਸੀਂ ਪ੍ਰਭੂ ਦੇ ਪ੍ਰਤੀ ਸੱਚੇ ਰਹੇ ਹੋ,
> ਸੁਹਾਵਨਾ ਅਤੇ ਪੁਰ ਉਮੀਦ ਘਰ ਮਹਿਮਾ ਵਿੱਚ
> ਤੁਹਾਡਾ ਆਨੰਦ ਪਰੀਪੂਰਨ ਪ੍ਰਾਨ ਦੇਖੇਗਾ!

ਹੁਣ ਤੁਹਾਨੂੰ ਜਰੂਰ ਕੀ ਕਰਨਾ ਪਏਗਾ?

ਪ੍ਰਭੂ ਦੇ ਨਾ ਬਦਲਣ ਵਾਲੇ ਹੱਥ ਨੂੰ ਫੜ੍ਹ! (ਇਹ ਉਹਦਾ
ਵਚਨ ਹੈ।)
ਪ੍ਰਭੂ ਦੇ ਨਾ ਬਦਲਣ ਵਾਲੇ ਹੱਥ ਨੂੰ ਫੜ੍ਹ!
ਆਪਣੀਆਂ ਉਮੀਦਾਂ ਆਨੰਤ ਚੀਜ਼ਾਂ ਤੇ ਰੱਖ,
ਪ੍ਰਭੂ ਦੇ ਨਾ ਬਦਲਣ ਵਾਲੇ ਹੱਥ ਨੂੰ ਫੜ੍ਹ!

207 (ਭਾਈ ਬ੍ਰਾਨਹਮ ਹੂੰ ਹੂੰ ਗੁਨਗੁਨਾਨਾ ਸ਼ੁਰੂ ਕਰਦੇ ਹਨ *ਪ੍ਰਭੂ ਦੇ ਨਾ ਬਦਲਣ ਵਾਲੇ ਹੱਥ ਨੂੰ ਫੜ੍ਹ* — ਸੰਪਾਦਕ) ਉਹ ਠੀਕ ਤੁਹਾਡੇ ਨਾਲ ਹੈ।

208 ਮੈਂ ਸਭਾ ਅੰਦਰ ਵੇਖ ਰਿਹਾ ਹਾਂ, ਇੱਕ ਛੋਟੇ ਪਿਆਰੇ ਭਾਈ ਨੇ ਦੱਸਿਆ ਕਿ ਉਸ ਦੀ ਮਨ ਭਾਉਣੀ ਸਾਥੀ ਕਿਸੇ ਦਿਨ ਉਸ ਨੂੰ ਅਲਵਿਦਾ ਕਹਿ ਕੇ ਚਲ ਬਸੀ, ਬਸ ਇੱਕ ਛੋਟੇ ਪਲ ਭਰ ਲਈ। ਇੱਕ ਹੋਰ ਦੂਸਰਾ ਇੱਥੇ ਕਿਸੇ ਥਾਂ ਤੇ ਬੈਠਾ ਹੈ ਉਸ ਦੱਸਿਆ ਕਿ ਉਸ ਦੇ ਮਨ ਭਾਉਂਦੀ ਸਾਥਣ ਉਸ ਨੂੰ ਅਲਵਿਦਾ ਕਹਿ ਕੇ ਚਲੀ ਗਈ ਹੈ, ਬਸ ਇੱਕ ਥੋੜ੍ਹੇ ਪਲ ਭਰ ਲਈ। ਅਤੇ ਜਿਸ ਤਰ੍ਹਾਂ ਉਹ ਚਲੀਆਂ ਗਈਆਂ ਹਨ, ਉਨ੍ਹਾਂ ਨੇ ਖੁਦਾ ਦੇ ਨਾ ਬਦਲਣ ਵਾਲੇ ਹੱਥ ਨੂੰ ਫੜ੍ਹੀ ਰੱਖਿਆ ਸੀ। ਅੱਜ ਰਾਤ ਉਨ੍ਹਾਂ ਦੇ ਪਿਆਰੇ ਪਤੀ ਇੱਥੇ ਖੁਦਾ ਦੇ ਨਾ ਬਦਲਣ ਵਾਲੇ ਹੱਥ ਨੂੰ ਫੜ ਕੇ ਬੈਠੇ ਹਨ, ਇਹ ਜਾਣਦੇ ਹੋਏ ਕਿ ਉਨ੍ਹਾਂ ਦੇ ਮਨ ਭਾਉਣੀਆਂ ਉਨ੍ਹਾਂ ਨੂੰ ਫ਼ਿਰ ਮਿਲਣਗੀਆਂ। ਔਹ, ਜੇਕਰ ਉਨ੍ਹਾਂ ਕੋਲ ਇਹ ਆਸ ਨਾ ਹੋਵੇ ਇਹ ਫਿਰ ਕੀ ਹੋਵੇਗਾ? ਔਹ, ਆਪਣੀ ਉਮੀਦਾਂ ਅਨੰਤ ਚੀਜ਼ਾਂ ਤੇ ਬੰਨ੍ਹ!

ਪ੍ਰਭੂ ਦੇ ਨਾ ਬਦਲਣ ਹੱਥ ਨੂੰ ਫੜ੍ਹ!

209 ਸਾਡੇ ਆਸਮਾਨੀ ਪਿਤਾ, ਜਿਵੇਂ ਸੰਗੀਤ ਮਿੱਠੀ ਸੁਰ ਨਾਲ ਬੁਲਾ ਰਿਹਾ ਹੈ, ਇਸ ਅੰਦਰ ਇੱਕ ਸੰਦੇਸ਼ ਹੈ। ਹੁਣ ਸਾਨੂੰ ਪਵਿੱਤਰ ਆਤਮਾ ਜੋ ਕਿ ਪ੍ਰਚਾਰਕ ਹੈ ਸਾਨੂੰ ਸੰਗੀਤ ਰਾਹੀਂ ਪ੍ਰਚਾਰ ਰਿਹਾ ਹੈ, ਸਾਨੂੰ ਦੱਸ ਰਿਹਾ ਹੈ ਕਿ ਅੱਜ ਰਾਤ ਇਸ ਸੰਦੇਸ਼ ਨਾਲ ਕੀ ਕਰਨਾ ਹੈ, "ਸਿਰਫ ਖੁਦਾ ਦੇ ਨਾ ਬਦਲਣ ਵਾਲੇ ਵਚਨ ਨੂੰ ਫੜ੍ਹ ਕੇ ਰੱਖੋ। ਧਰਤੀ ਅਤੇ ਆਕਾਸ਼ ਟਲ ਜਾਣਗੇ ਅਤੇ ਬਦਲ ਜਾਣਗੇ, ਪਰ ਮੇਰਾ ਵਚਨ ਕਦੇ ਨਾ ਟਲੇਗਾ।" ਇਹ ਬਦਲ ਨਹੀ ਸਕਦਾ। ਇਹ ਨਾ ਬਦਲਣ ਵਾਲੇ ਖੁਦਾ ਦਾ ਵਚਨ ਹੈ।

210 ਭਜਨ ਗਾਉਣ ਵਾਲੇ ਨੇ ਆਖਿਆ ਹੈ, "ਮੈਂ ਤੇਰਾ ਵਚਨ ਆਪਣੇ ਦਿਲ ਵਿੱਚ ਰੱਖ ਲਿਆ ਹੈ ਤਾਂ ਜੋ ਤੇਰੇ ਵਿਰੁੱਧ ਪਾਪ ਨਾ ਕਰਾਂ।"

211 ਅੱਜ ਰਾਤ ਵੀਹ ਜਾਂ ਤੀਹ ਕੁ ਹੱਥ ਖੜ੍ਹੇ ਕੀਤੇ ਗਏ ਹਨ, ਪਿਤਾ ਆਦਮੀ ਅਤੇ ਔਰਤਾਂ ਨੇ ਤੇਰਾ ਵਚਨ ਸੁਣਿਆ ਹੈ, ਜਦ, "ਨਿਹਚਾ ਸੁਣਨ ਨਾਲ ਆਉਂਦੀ

ਹੈ।" ਤੇਰੀ ਮਦਦ ਅਤੇ ਕਿਰਪਾ ਨਾਲ ਉਨ੍ਹਾਂ ਨੇ ਇਹ ਇੱਕ ਪੂਰਾ ਪੱਕਾ ਫੈਸਲਾ ਕਰ ਲਿਆ ਹੈ ਕਿ ਇਸ ਵੇਲੇ ਤੋਂ ਅੱਗੇ ਨੂੰ ਉਹ ਤੇਰੀ ਸੇਵਾ ਕਰਨਗੇ।

212 ਹੁਣ ਪਿਤਾ ਕੀ ਤੂੰ ਮਿੱਠੇ ਢੰਗ ਨਾਲ ਉਨ੍ਹਾਂ ਦੇ ਦਿਲਾਂ ਅੰਦਰ ਨਹੀ ਉਤਰੇਂਗਾ? ਉਹਨਾਂ ਦੇ ਨਵੇਂ ਆਤਮਾ ਅੰਦਰ ਆਪਣਾ ਆਤਮਾ ਉਂਡੇਲ। ਤੂੰ ਉਨ੍ਹਾਂ ਨੂੰ ਇੱਕ ਨਵਾਂ ਆਤਮਾ ਦੇਣਾ ਸੀ ਜਾਂ ਉਹ ਕਦੇ ਆਪਣੇ ਹੱਥ ਨੂੰ ਨਾ ਫੜ੍ਹ ਕੇ ਰੱਖਦੇ। ਉਹ ਇਹ ਦੀ ਖਾਸ ਵੀ ਨਾ ਕਰਦੇ। ਪਰ, ਉਹ ਘੁਮਿਆਰ ਦੇ ਘਰ ਵਿੱਚ ਗਏ ਅਤੇ ਉਨ੍ਹਾਂ ਹੋਣ ਦਿੱਤਾ ਕਿ ਤੂੰ ਉਨ੍ਹਾਂ ਦੀਆਂ ਭਾਵਨਾਵਾਂ ਅਤੇ ਅੰਦਾਜਿਆਂ ਨੂੰ ਬਦਲੇ। ਅਤੇ ਹੁਣ ਉਨ੍ਹਾਂ ਦੇ ਦਿਲ ਅੰਦਰ ਉਹ ਕੋਮਲ ਹੋ ਗਏ ਹਨ।

213 ਅਤੇ ਤੂੰ ਆਖਿਆ ਹੈ, "ਕੋਈ ਮਨੁੱਖ ਮੇਰੇ ਕੋਲ ਆ ਨਹੀ ਸਕਦਾ ਜਦ ਤੱਕ ਪਿਤਾ ਉਸ ਨੂੰ ਖਿਚ ਕੇ ਨਹੀ ਲਿਆਉਂਦਾ"। ਬੱਚਿਆਂ ਤੋਂ ਲੈ ਕੇ ਬੁਢਿਆਂ ਤੱਕ, ਉਹ ਆਪਣੇ ਹੱਥ ਨੂੰ ਉਠਾ ਨਹੀ ਸੀ ਸਕਦੇ, ਜੇਕਰ ਤੂੰ ਉਨ੍ਹਾਂ ਨੂੰ ਖੜ੍ਹਾ ਕਰਨ ਲਈ ਨਾ ਕਹਿੰਦਾ। ਉਨ੍ਹਾਂ ਨੇ ਇਹ ਕੀਤਾ ਹੈ ਕਿਉਂ ਜੋ ਤੂੰ ਉਨ੍ਹਾਂ ਨਾਲ ਬੋਲਿਆ ਹੈ। ਅਤੇ ਇਹ ਮਸੀਹ ਨੂੰ, ਖ਼ੁਦਾ ਦੇ ਪਿਆਰ ਦਾ ਤੋਫਾ ਕਰਕੇ, ਉਨ੍ਹਾਂ ਨੂੰ ਦੇ ਦਿੱਤਾ ਹੈ। ਉਨ੍ਹਾਂ ਨੇ ਆਪਣੇ ਦਿਲ ਹਵਾਲੇ ਕਰ ਦਿੱਤੇ ਹਨ।

214 ਅਤੇ ਅਸੀਂ ਤੇਰੀ ਮਹਾਨ ਆਵਾਜ਼ ਨੂੰ ਕਹਿੰਦੇ ਸੁਨ ਸਕਦੇ ਹਾਂ, "ਉਹ ਜੋ ਮੇਰਾ ਵਚਨ ਸੁਣਦਾ ਹੈ।" ਤੁਹਾਡੀ ਕਲੀਸਿਯਾ ਨਹੀ, ਤੁਹਾਡੀ ਕਲੀਸਿਯਾ ਕੋਲ ਤੁਹਾਡਾ ਆਪਣਾ ਵਚਨ ਹੈ, ਅਤੇ ਇਹ ਤੁਹਾਡੇ ਆਪਣੇ ਵਚਨ ਦੇ ਵਿਰੁੱਧ ਨਹੀ ਹੈ। "ਪਰ ਜੋ ਮੇਰਾ ਵਚਨ ਸੁਣਦਾ ਹੈ, ਅਤੇ ਜਿਸ ਨੇ ਮੈਨੂੰ ਘੱਲਿਆ ਹੈ ਉਸ ਤੇ ਨਿਹਚਾ ਕਰਦਾ ਹੈ, ਸਦੀਪਕ ਜੀਵਨ ਉਸੇ ਦਾ ਹੈ, ਉਸ ਤੇ ਸਜਾ ਦਾ ਹੁਕਮ ਨਹੀ ਹੁੰਦਾ, ਉਹ ਮੌਤ ਨੂੰ ਪਾਰ ਕਰਕੇ ਜੀਵਨ ਵਿੱਚ ਦਾਖਲ ਹੋ ਚੁੱਕਾ ਹੈ।"

215 ਪਿਤਾ ਉਨ੍ਹਾਂ ਨੂੰ ਸਦੀਪਕ ਜੀਵਨ ਲੰਮੀ ਉਮਰ ਵਾਲੀ ਆਸ਼ੀਸ਼ ਦੇ, ਅਤੇ ਜਿਸ ਤਰ੍ਹਾਂ ਤੂੰ ਵਾਦਾ ਕੀਤਾ ਹੈ ਉਨ੍ਹਾਂ ਨੂੰ ਅੰਤਲੇ ਦਿਲ ਤੇ ਖੜ੍ਹਾ ਕਰੀਂ। ਅਤੇ ਕਾਸ਼ ਕਿ ਇਹ ਇੱਕ ਵੱਡੀ ਮਖਸੁਮੀਅਤ ਸੀ ਬੰਦਗੀ ਹੋਵੇ, ਜਦੋਂ ਜਿਉਂਦੇ ਖ਼ੁਦਾ ਦੇ ਸੰਤ ਖੁਸ਼ ਹੋਣ ਅਤੇ ਮੁੜ ਨਵੇਂ ਕੀਤੇ ਜਾਣ।

216 ਕਾਸ਼ ਕਿ ਹਰੇਕ ਰੋਗੀ, ਜੇਕਰ ਇੱਥੇ ਕੋਈ ਹਾਜਰ ਹੈ, ਉਹ ਚੰਗੇ ਹੋ ਜਾਣ। ਕਾਸ਼ ਕਿ ਤੇਰਾ ਆਤਮਾ ਸਾਡੇ ਪ੍ਰਭੂ ਮਸੀਹ ਰਾਹੀਂ ਪ੍ਰਗਟ ਹੋਵੇ।

217 ਸਿਰਫ ਇੱਕ ਪਲ ਵਾਸਤੇ ਹੁਣ ਆਪਣੇ ਸਿਰਾਂ ਨੂੰ ਉਠਾਏ ਹੋਏ। ਮੈਂ ਹੈਰਾਨ ਹਾਂ ਤੁਸਾਂ ਜਿਨ੍ਹਾਂ ਆਪਣੇ ਹੱਥ ਉਠਾਏ ਹੋਏ ਹਨ, ਮੇਰੀ ਨਿਹਚਾ ਤੁਸਾਂ ਜੋ ਆਖਿਆ ਉਹ ਪਾ ਲਿਆ ਹੈ। ਪਰ ਮੇਰੀ ਨਿਹਚਾ ਹੈ ਕਿ ਤੁਸੀਂ ਸੱਚੇ ਸੀ। ਮੈਂ ਤੁਹਾਨੂੰ ਖ਼ੁਦਾ ਦੇ ਵਚਨ ਵੱਲ ਲੈ ਜਾਂਦਾ ਹਾਂ ਜੋ ਕਿ ਸੱਚਾਈ ਹੈ।

218 ਹੁਣ ਸਿਰਫ ਇੱਕ ਸਵਾਲ ਹੈ, ਕਿਸ ਥਾਂ ਤੇ, ਕੀ ਤੁਹਾਡਾ ਉਹ ਕਰਨ ਦਾ ਮਤਲਬ ਹੈ? ਜੇਕਰ ਤੁਸਾਂ ਕੀਤਾ, ਇਹ ਖੁਦਾ ਸੀ ਜੋ ਤੁਹਾਡੇ ਦਿਲ ਤੇ ਖੜਕਾ ਰਿਹਾ ਸੀ (ਭਾਈ ਬ੍ਰਾਨਹਮ ਮੰਚ ਨੂੰ ਤਿੰਨ ਵਾਰ ਖੜਕਾਉਂਦੇ ਹਨ-ਸੰਪਾਦਕ) ਇਹ ਸਹੀ ਗੱਲ ਹੈ। ਹੁਣ ਜੇ ਕਰ ਇਹੀ ਅਸਲ ਵਿੱਚ ਤੁਹਾਡਾ ਮਤਲਬ ਸੀ, ਫਿਰ ਪੁਰਾਣੀਆਂ ਚੀਜ਼ਾਂ ਜਾਂਦੀਆਂ ਰਹੀਆਂ। ਖੁਦਾ ਨੇ ਇਸ ਤਰ੍ਹਾਂ ਆਖਿਆ ਹੈ। ਇਹ ਗੱਲ ਬਦਲ ਨਹੀ ਸਕਦੀ।

219 ਯਿਸੂ ਨੇ ਆਖਿਆ ਹੈ, "ਉਹ ਜੋ ਮੇਰੇ ਵਚਨਾ ਨੂੰ ਸੁਣਦਾ ਅਤੇ ਉਸ ਤੇ ਨਿਹਚਾ ਕਰਦਾ ਹੈ ਜਿਸ ਮੈਨੂੰ ਘੱਲਿਆ ਹੈ, ਸਦੀਪਕ ਜੀਵਨ ਉਸੇ ਦਾ ਹੈ।"

220 ਮੈਂ ਸੋਚਦਾ ਹਾਂ, ਜੇਕਰ ਅਸਲ ਵਿੱਚ ਇਹ ਨੇ ਤੁਹਾਡੇ ਅੰਦਰ ਥਾਂ ਲੈ ਲਈ ਹੈ, ਤਾਂ ਤੁਸੀਂ ਖੁਦਾ ਦੇ ਵੱਡੇ ਧੰਨਵਾਦੀ ਹੋਣਾ ਮਹਿਸੂਸ ਕਰੋਗੇ, ਕਿ ਤੁਈ ਇਧਰ ਉਸ ਦੀ ਤੌਬਾਗਾਹ (ਵੇਦੀ) ਵੱਲ ਆਉਣਾ ਚਾਹੋਗੇ, ਅਤੇ ਝੁੱਕ ਜਾਉਗੇ ਅਤੇ ਉਸ ਨੂੰ ਧੰਨਵਾਦ ਦੇਉਗੇ ਜੋ ਉਸ ਨੇ ਤੁਹਾਡੇ ਲਈ ਕੀਤਾ ਹੈ।

221 ਅੱਜ ਜਦੋਂ ਭੈਣ ਲਗਾਤਾਰ ਉਸੇ ਗੀਤ ਨੂੰ ਚਲਾਈ ਜਾਂਦੀ ਹੈ। ਮੈਂ ਚਾਹਾਂਗਾ ਕਿ ਹਰੇਕ ਜਿਨ੍ਹਾਂ ਨੇ ਹੱਥ ਖੜੇ ਕੀਤੇ ਹਨ, ਉਨ੍ਹਾਂ ਨਾਲ ਜਿਨ੍ਹਾਂ ਨਹੀ ਖੜੇ ਕੀਤੇ, ਉਹ ਵੀ ਉੱਪਰ ਆਉਣ ਦੀ ਇਛਾ ਕਰਨ। ਅਤੇ ਔ ਅਸੀਂ ਝੁੱਕ ਕੇ ਧੰਨਵਾਦ ਦਾ ਇੱਕ ਸ਼ਬਦ ਸਰਬਸ਼ਕਤੀਮਾਨ ਨੂੰ ਪੇਸ਼ ਕਰੀਏ ਕਿ ਜੋ ਉਸ ਨੇ ਸਾਡੇ ਲਈ ਕੀ ਕਰ ਦਿੱਤਾ ਹੈ। ਇਸ ਨਾਲ ਸਬੂਤ ਹੁੰਦਾ ਹੈ ਕਿ ਅਸੀਂ ਸੱਚੇ ਹਾਂ।

ਆਪਣੀਆਂ ਉਮੀਦਾਂ ਅਨੰਤ ਚੀਜ਼ਾਂ ਤੇ ਰੱਖੋ,
ਪ੍ਰਭੂ ਦੇ ਨਾ ਬਦਲਣ ਵਾਲੇ ਹੱਥ ਨੂੰ ਫੜ੍ਹੀ ਰੱਖੋ!

ਜਦ ਸਾਡੀ ਯਾਤਰਾ ਪੂਰੀ ਹੋ ਗਈ,
ਜੇ ਅਸੀਂ ਪ੍ਰਭੂ ਦੇ ਪ੍ਰਤੀ ਸੱਚੇ ਰਹੇ ਹਾਂ,
ਸੁਹਾਵਨਾ ਅਤੇ ਪੁਰ ਉਮੀਦ ਘਰ ਮਹਿਮਾ ਵਿੱਚ,
ਤੁਹਾਡਾ ਅਨੰਦ ਪਰੀਪੂਰਨ ਪ੍ਰਾਣ ਦੇਖੇਗਾ!

ਪ੍ਰਭੂ ਦੇ ਨਾ ਬਦਲਣ ਵਾਲੇ ਹੱਥ ਨੂੰ ਫੜ੍ਹੋ!
ਪ੍ਰਭੂ ਦੇ ਨਾ ਬਦਲਣ ਵਾਲੇ ਹੱਥ ਨੂੰ ਫੜ੍ਹੋ!
ਆਪਣੀਆਂ ਉਮੀਦਾਂ ਅਨੰਤ ਚੀਜ਼ਾਂ ਉੱਤੇ ਰੱਖ,
ਪ੍ਰਭੂ ਦੇ ਨਾ ਬਦਲਣ ਵਾਲੇ ਹੱਥ ਕੋ ਰੱਖੋ! ਔਹ!

*ਮੈਂ ਉੱਥੋਂ ਦੀ ਹੋ ਕੇ ਜਾ ਰਿਹਾ ਹਾਂ*। ਹੁਣ ਮੈਨੂੰ ਅਚਰਜ ਹੈ...

222 ਹੁਣ ਮੈਂ ਹੈਰਾਨ ਹਾਂ...ਸਾਡੇ ਨਾਲ ਅੱਜ ਰਾਤ ਬਹੁਤ ਪਾਸਟਰ ਅਤੇ ਪ੍ਰਚਾਰਕ ਹਨ, ਜੋ ਖੁਦਾ ਦੀ ਪਾਤਸ਼ਾਹੀ ਅੰਦਰ ਆਤਮੇ ਵੇਖਣਾ ਪਸੰਦ ਕਰਦੇ

ਹਨ। ਮੈਨੂੰ ਹੈਰਾਨੀ ਹੋਵੇਗੀ, ਭਾਇਓ, ਜੇਕਰ ਤੁਸੀਂ...ਪਾਸਟਰ ਇੱਥੇ ਆਉ। ਮੈਂ ਭਾਈਉ ਹੈਰਾਨ ਹਾਂ ਜੇਕਰ ਤੁਸੀਂ ਠੀਕ *ਇੱਥੇ* ਆਪਣੇ ਥਾਂ ਤੇ ਆ ਜਾਉਗੇ। ਅਸੀਂ ਇਹਨਾਂ ਪਿਆਰੇ ਲੋਕਾਂ ਲਈ ਪ੍ਰਾਰਥਨਾ ਕਰਨ ਜਾ ਰਹੇ ਹਾਂ।

223 ਤੁਸੀਂ ਜਾਣਦੇ ਹੋ ਕੀ ਗੱਲ ਹੈ? ਵਚਨ ਅਨੁਸਾਰ ਮੈਂ ਇੱਕ ਜਾਂਚ ਵਾਲੀ ਪਰਖ ਕੀਤੀ ਹੈ। ਇਸ ਰਾਤ ਉਨ੍ਹਾਂ ਨੇ ਆਪਣੇ ਹੱਥ ਖੜ੍ਹੇ ਕਰਕੇ ਖ਼ੁਦਾ ਦੇ ਸਦੀਪਕ ਵਚਨ ਨੂੰ ਕਬੂਲ ਕਰਨਗੇ, ਅਤੇ ਨਿਹਚਾ ਕਰਨ ਅਤੇ ਮੈਂ ਆਖਿਆ, "ਹੁਣ ਅਸਾਂ ਪ੍ਰਾਰਥਨਾ ਕੀਤੀ ਹੈ।"

224 ਹੁਣ ਵੇਖੋ ਯਿਸੂ ਨੇ ਕੀ ਆਖਿਆ ਹੈ, ਅਤੇ ਹੁਣ ਅਸੀਂ ਇਸ ਨੂੰ ਵਚਨ ਵੱਲ ਲੈ ਜਾਈਏ। ਹੁਣ ਸਾਡੇ ਕੋਲ ਬਹੁਤ ਲੋਕ ਆਪਣੇ ਵਿਚਾਰ ਦੜਾਉਣ ਵਾਲੇ ਵੀ ਹਨ, ਪਰ ਔ ਇਸ ਨੂੰ ਵਚਨ ਵੱਲ ਲੈ ਚੱਲੀਏ। ਯਿਸੂ ਨੇ ਆਖਿਆ ਹੈ, "ਉਹ ਜੋ ਮੇਰਾ ਵਚਨ ਸੁਣਦਾ, ਅਤੇ ਮੇਰੇ ਘੱਲਣ ਵਾਲੇ ਤੇ ਨਿਹਚਾ ਕਰਦਾ ਹੈ, ਸਦੀਪਕ ਜੀਵਨ ਉਸੇ ਦਾ ਹੈ, ਉਸ ਉੱਤੇ ਨਿਆਂ ਨਹੀ ਆਉਂਦਾ, ਪਰ, ਮੌਤ ਨੂੰ ਪਾਰ ਕਰਕੇ ਸਦੀਪਕ ਜੀਵਨ ਅੰਦਰ ਦਾਖਲ ਹੋ ਚੁੱਕਾ ਹੈ।" ਖ਼ੁਦਾ ਨੇ ਇਸ ਤਰ੍ਹਾਂ ਆਖਿਆ ਹੈ। ਇਹੀ ਹਮੇਸ਼ਾ ਲਈ ਠਹਿਰਾਇਆ ਜਾ ਚੁੱਕਾ ਹੈ। "ਕੋਈ ਮਨੁੱਖ ਨਹੀ," ਯਿਸੂ ਨੇ ਆਖਿਆ ਹੈ, "ਜਦ ਤੱਕ ਮੇਰਾ ਪਿਤਾ ਉਸ ਨੂੰ ਖਿਚ ਕੇ ਮੇਰੇ ਕੋਲ ਨਾ ਲੈ ਆਏ, ਉਹ ਮੇਰੇ ਕੋਲ ਨਹੀ ਆ ਸਕਦਾ ਹੈ। ਅਤੇ ਸਾਰੇ ਜੋ ਪਿਤਾ ਨੇ ਮੈਨੂੰ ਦਿੱਤੇ ਹਨ," ਮੇਰੇ ਕੋਲ ਆ ਜਾਣਗੇ ਇੱਕ ਵੀ ਨਹੀ ਗੁਆਚੇਗਾ। "ਉਹ ਜੋ ਮੇਰਾ ਮਾਸ ਖਾਂਦਾ ਅਤੇ ਲਹੂ ਪੀਂਦਾ ਸਦੀਪਕ ਜੀਵਨ ਉਸੇ ਦਾ ਹੈ। ਅਤੇ ਮੈਂ ਅੰਤਲੇ ਦਿਨ ਉਸ ਨੂੰ ਜਿਉਂਦਾ ਕਰ ਦੇਵਾਂਗਾ।"

225 ਔਹ, ਇਸ ਤੌਬਾਗਾਹ (ਵੇਦੀ) ਵੱਲ ਵੇਖਣਾ ਕਿੰਨੀ ਅਨੋਖੀ ਗੱਲ ਹੈ, ਜਦ ਕਿ ਇੱਕ ਆਤਮਾ ਦੀ ਕਦਰ ਦਸ ਹਜਾਰ ਸੰਸਾਰ ਦੇ ਬਰਾਬਰ ਹੈ। ਉਹ ਕਦੇ ਵੀ ਕਲੀਸਿਯਾ ਵਿੱਚ ਰਲਣ ਲਈ ਨਹੀ ਆਏ ਹਨ। ਉਹ ਆਏ ਹਨ ਕਿਉਂਜੋ ਉਹ ਮਸੀਹ ਦੇ ਬਦਨ ਦੇ ਮੈਂਬਰ ਹਨ। ਉਹ ਇੱਥੇ ਪ੍ਰਾਰਥਨਾ ਤੇ ਧੰਨਵਾਦ ਦਾ ਚੜਾਵਾ ਦੇਣ ਨੂੰ ਆਏ ਹਨ। ਅਤੇ ਮੇਰੀ ਬੇਨਤੀ ਹੈ ਕਿ ਪਵਿੱਤਰ ਆਤਮਾ ਉਨ੍ਹਾਂ ਨੂੰ ਮਸਹ ਕਰੇ ਅਤੇ ਹਰੇਕ ਦਿਲ ਨੂੰ ਭਰ ਦੇਵੇ, ਅੱਜ ਰਾਤ ਇਸ ਤੌਬਾ ਦੀ ਵੇਦੀ ਤੇ ਉੱਪਰ ਤੋਂ ਹੇਠਾਂ ਤੱਕ, ਇੱਕ ਸ਼ਾਂਤੀ ਅਤੇ ਮਿਠਾਸ, ਹਲੀਮ ਆਤਮਾ, ਨਾਲ ਭਰੇ ਜੋ ਕਿ ਮਸੀਹ ਦੀ ਧਾਰਮਿਕਤਾ ਦੇ ਫਲਾਂ ਨੂੰ ਲਿਆਉਂਦਾ ਹੈ, ਜਦ ਤੱਕ ਉਨ੍ਹਾਂ ਦੇ ਬਦਨ ਅੰਦਰ ਸਾਹ ਹੈ ਅਤੇ ਮਹਿਮਾ ਵਾਲੇ ਘਰ ਜਾਣ ਤੱਕ।

226 ਕੀ ਪਾਸਟਰ ਅਤੇ ਪ੍ਰਚਾਰਕ ਆ ਕੇ ਸਾਡੇ ਨਾਲ ਜਦ ਅਸੀਂ ਪ੍ਰਾਰਥਨਾ ਕਰਦੇ ਹਾਂ ਦੁਆਲੇ ਖੜ੍ਹੇ ਹੋਣਗੇ, ਜੇਕਰ ਤੁਹਾਡੀ ਮਰਜੀ ਹੋਵੇ ਤਾਂ। ਹਰੇਕ, ਕੋਈ ਮਾਮਲਾ ਨਹੀ ਚਾਹੇ ਤੁਹਾਡਾ ਤਾਲ-ਮੇਲ ਕਲੀਸਿਯਾ ਨਾਲ ਹੋਵੇ, ਇਸ ਦਾ ਤਾਂ

ਇਹ ਦੇ ਨਾਲ ਕੋਈ ਸੰਬੰਧ ਨਹੀ ਹੈ। ਬਸ ਅਸੀਂ ਤਾਂ ਚਾਹੁੰਦੇ ਕਿ ਤੁਸੀਂ ਠੀਕ ਆ ਕੇ ਲੋਕਾਂ ਦੁਆਲੇ ਖੜ੍ਹੇ ਹੋਵੇ।

ਮੈਂ ਇਸ ਵਿਚੋਂ ਦੀ ਜਾ ਰਿਹਾ ਹਾਂ, ਹਾਂ, ਮੈਂ ਜਾ ਰਿਹਾ ਹਾਂ...
(ਉਹ ਹੀ ਤੁਹਾਡੇ ਮੰਨ ਦਾ ਉਦੇਸ਼ ਹੋਵੇ।)
ਮੈਂ ਮੁੱਲ ਚੁਕਾਵਾਂਗਾ, ਜਿਵੇਂ ਕੀ ਦੂਸਰੇ ਮਸੀਹੀ ਕਰਦੇ ਹਨ,
ਮੈਂ ਪ੍ਰਭੂ ਦੇ ਨਾਲ ਚੰਦ (ਮਿਕਾਯਾਹ ਵਰਗੇ) ਤੁਛ ਸਮਝੇ ਜਾਣ ਵਾਲਿਆਂ ਦਾ ਰਾਹ ਚੁਣਾਗਾ,
ਮੈਂ ਯਿਸੂ ਦੇ ਨਾਲ ਸ਼ੁਰੂ ਕੀਤਾ ਹੈ, ਅਤੇ ਮੈਂ ਜਾ ਰਿਹਾ ਹਾਂ।

ਮੈਂ ਇਸ ਵਿਚੋਂ ਦੀ ਜਾ ਰਿਹਾ ਹਾਂ, ਹਾਂ, ਮੈਂ ਜਾ ਰਿਹਾ ਹਾਂ,
ਮੈਂ ਮੁੱਲ ਚੁਕਾਵਾਂਗਾ, ਕੋਈ ਕੁਝ ਵੀ ਕਰਦਾ ਹੈ,
ਮੈਂ ਪ੍ਰਭੂ ਦੇ ਚੰਦ ਤੁਛ ਸਮਝੇ ਜਾਣ ਵਾਲਿਆਂ ਦਾ ਰਾਹ ਚੁਣਾਗਾ,
ਮੈਂ ਇਸ ਵਿਚੋਂ ਦੀ ਜਾ ਰਿਹਾ ਹਾਂ, ਮੈਂ ਜਾ ਰਿਹਾ ਹਾਂ।

227 ਮੈਂ ਹਾਂ...ਕੀ ਕੋਈ ਹੋਰ ਦੂਸਰਾ ਹੋਵੇਗਾ ਜੋ ਰਸਤੇ ਤੇ ਆਉਣਾ ਚਾਹੇਗਾ? "ਤੁਸੀਂ ਮੇਰੇ ਤੋਂ ਮੇਰੇ ਪਿਤਾ ਸਾਹਮਣੇ ਜਾਂ ਮਨੁੱਖਾਂ ਸਾਹਮਣੇ ਸ਼ਰਮਾਉਂਦੇ ਹੋ, ਅਤੇ ਮੈਂ ਵੀ ਉਸ ਸਵੇਰ ਨੂੰ ਦੂਤਾਂ ਸਾਹਮਣੇ ਤੁਹਾਥੋਂ ਸ਼ਰਮਾਵਾਂਗਾ।"

228 ਕੀ ਤੁਸੀਂ ਅੱਜ ਰਾਤ ਇਸ ਛੋਟੀ ਸਭਾ ਸਾਹਮਣੇ ਸ਼ਰਮਾਉਂਦੇ ਹੋ, ਤੁਸੀਂ ਉਠ ਖੜ੍ਹੇ ਹੋਣ ਤੋਂ ਸ਼ਰਮਾਉਂਦੇ ਹੋ? "ਜੋ ਮਨੁੱਖਾਂ ਸਾਹਮਣੇ ਮੇਰਾ ਇਕਰਾਰ ਕਰੇਗਾ, ਮੈਂ ਉਹ ਦਾ ਇਕਰਾਰ ਆਪਣੇ ਪਿਤਾ ਸਾਹਮਣੇ ਕਰਾਂਗਾ।"

ਮੈਂ ਪ੍ਰਭੂ ਦੇ ਨਾਲ ਰਾਹ ਲਵਾਂਗਾ, ਮੈਂ ਇਸ ਵਿਚੋਂ ਦੀ ਹੋ ਕੇ ਜਾ ਰਿਹਾ ਹਾਂ।
ਮੈਂ ਯਿਸੂ ਦੇ ਨਾਲ ਸ਼ੁਰੂ ਕੀਤਾ ਹੈ, ਮੈਂ ਇਸ ਵਿਚੋਂ ਦੀ ਹੋ ਕੇ ਜਾ ਰਿਹਾ ਹਾਂ।

229 ਬਸ ਹਰੇਕ ਪ੍ਰਾਰਥਨਾ ਕਰੋ ਜਦੋਂ ਅਸੀਂ ਉਨ੍ਹਾਂ ਦੇ ਪਾਪ ਦੀ ਮਾਫੀ ਲਈ ਧੰਨਵਾਦ ਦਾ ਬਲੀਦਾਨ ਚੜ੍ਹਾ ਰਹੇ ਹਾਂ।

230 ਹੇ ਪਿਤਾ ਖੁਦਾ ਅਤੇ ਮਨੁੱਖ ਜਾਤ ਨੂੰ ਛੁੜਾਉਣ ਵਾਲੇ, ਇਹ ਅੱਜ ਰਾਤ ਇਕਰਾਰ ਕਰਦੇ ਆਏ ਹਨ ਕਿ ਉਹ ਪੂਰੀ, ਕਾਫੀ ਮਾਤਰਾ ਨਾਲ ਮਸੀਹ ਦੀ ਦੇਹੀ ਵਿੱਚ ਨਹੀ ਆਏ ਸਨ। ਅਤੇ ਅੱਜ ਰਾਤ ਉਹ ਆਪਣੇ ਸਥਾਨ ਤੇ ਖੜ੍ਹੇ ਹੋਣ ਲਈ, ਖੁਦਾ ਦੇ ਵਚਨ ਅਤੇ ਹੱਥ ਦੀ ਅਗਵਾਈ ਨਾਲ ਆ ਗਏ ਹਨ।

231 ਹੁਣ ਅਸੀਂ ਬੇਨਤੀ ਕਰਦੇ ਹਾਂ ਕਿ ਤੂੰ ਉਨ੍ਹਾਂ ਨੂੰ ਪਾਤਸ਼ਾਹੀ ਅੰਦਰ ਜੋ ਕਿ ਉਹ ਸੇਵਾ ਕਰਨਗੇ ਉਸੇ ਸਥਾਨ ਤੇ ਖੜ੍ਹਾ ਕਰੇਂਗਾ। ਅਤੇ ਕਾਸ਼ ਕਿ ਉਹ, ਇੱਕ ਮਨ ਹੋਣ, ਅੱਜ ਰਾਤ ਤੇਰੇ ਵਚਨ ਤੇ ਨਿਹਚਾ ਕਰਨ। ਅਤੇ ਕਾਸ਼ ਕਿ ਤੂੰ ਤੂੰ ਉਨ੍ਹਾਂ ਨਾਲ ਆਪਣੇ ਪਵਿੱਤਰ ਆਤਮਾ ਨਾਲ ਵਚਨ ਕਰੇਂ। ਅਤੇ ਕਾਸ਼ ਕਿ ਉਹ ਬਸ ਰੱਬੀ ਪ੍ਰੇਰਨਾ ਰਾਹੀਂ, ਮਸੀਹ ਦੀ ਦੇਹਿ ਅੰਦਰ ਆਪਣੇ ਸਥਾਨ ਨੂੰ ਪਾਉਣ ਲਈ ਅਗਵਾਹੀ ਪਾਉਣ, ਜਿਸ ਲਈ ਤੂੰ ਉਨ੍ਹਾਂ ਨੂੰ ਬੁਲਾਇਆ ਹੈ।

232 ਹੇ ਖ਼ੁਦਾ, ਇਸ ਲਈ ਅਸੀਂ ਤੇਰੇ ਕਿਸ ਤਰ੍ਹਾਂ ਧੰਨਵਾਦੀ ਹਾਂ। ਇਹ ਤੇਰੀਆਂ ਨਜਰਾਂ ਵਿੱਚ ਸ਼ਾਨ ਵਾਲੀ ਗੱਲ ਹੈ ਉਨ੍ਹਾਂ ਆਦਮੀਆਂ ਅਤੇ ਔਰਤਾਂ ਨੂੰ ਜਿਨ੍ਹਾਂ ਨੇ ਇੱਕ ਕੁਰਬਾਨਗਾਹ ਤੇ ਹਲੀਮੀ ਨਾਲ, ਆਪਣੀਆਂ ਗਲਤੀਆਂ ਨੂੰ ਮੰਨਦੇ ਹੋਏ ਝੁਕਨਾ ਹੈ, ਅਤੇ ਰਹਿਮ ਲਈ ਉਜਰ ਪੇਸ਼ ਕਰਨਾ ਹੈ ਵੇਖ ਕੇ ਸਾਡੇ ਦਿਲ ਅੰਦਰ ਕੰਬਣੀ ਲੱਗ ਜਾਂਦੀ ਹੈ।

233 ਤੇਰੇ ਮਸਹ ਹੋਏ ਸੇਵਾਦਾਰ, ਤੇਰੇ ਵਚਨ ਦੇ ਸੇਵਾਦਾਰ ਇਨ੍ਹਾਂ ਲੋਕਾਂ ਕੋਲ ਖੜ੍ਹੇ ਹਨ, ਮੈਂ ਇੱਥੇ ਇਸ ਪਵਿੱਤਰ ਮੇਜ ਕੋਲ ਖੜ੍ਹਾ ਹਾਂ।

234 ਇਹ ਇੱਕ ਸ਼ਾਨਦਾਰ ਸਮਾਂ ਹੈ। ਅੱਜ ਰਾਤ ਖ਼ੁਦਾ ਦੇ ਦੂਤਾਂ ਨੇ ਇਸ ਸਥਾਨ ਤੇ ਆਪਣੀ ਛਾਉਣੀ ਲਾਈ ਹੈ। ਕਿਉਂਜੋ ਇਹ ਵਚਨ ਅੰਦਰ ਦਰਜ ਹੈ, “ਖ਼ੁਦਾ ਦੇ ਦੂਤ ਉਨ੍ਹਾਂ ਦੁਆਲੇ ਜੋ ਉਸ ਤੋਂ ਡਰਦੇ ਹਨ ਡੇਰਾ ਲਾਉਂਦੇ ਹਨ।”

235 ਅਤੇ ਮਹਾਨ ਅਨਡਿਠ ਸੰਸਾਰ ਅੰਦਰ, ਜੋ ਕਿ ਹੁਣ ਸਾਡੇ ਦੁਆਲੇ ਹੈ, ਸਾਡੇ ਜਜਬਾਤਾਂ ਨੂੰ ਅਤੇ ਜੋ ਅਸੰ ਗਲਤੀਆਂ ਕੀਤੀਆਂ ਹਨ, ਸਾਡੀਆਂ ਅੱਖਾਂ ਸਾਹਮਣੇ ਲਿਆਉਣ ਲਈ, ਤੌਬਾ ਕਰਨ ਲਈ ਸਰਗਰਮ ਕਰ। ਸਬਰ ਵਾਲੇ ਦਿਲਾਂ ਨਾਲ ਅਸੀਂ ਪ੍ਰਭੂ ਆਪਣੇ ਭੈੜੇ ਰਾਹਾਂ ਨੂੰ ਤਿਆਗਦੇ ਹਾਂ ਅਤੇ ਰੱਬੀ ਦਯਾ ਮੰਗਦੇ ਹਾਂ। ਅਤੇ ਕਾਸ਼ ਕਿ ਪਵਿੱਤਰ ਆਤਮਾ ਜਿਸ ਨੇ ਕਿਰਪਾ ਦਾ ਵਾਦਾ ਕੀਤਾ ਹੈ, ਸਾਨੂੰ ਹਰੇਕ ਨੂੰ ਬਖਸ਼ ਦੇ, ਜਿਸ ਤਰ੍ਹਾਂ ਕਿ ਅਸੀਂ ਹਲੀਮੀ ਨਾਲ ਮੰਗਦੇ ਅਤੇ ਖ਼ੁਦਾ ਨੂੰ ਆਪਣਾ ਵਚਨ ਪੂਰਾ ਕਰਨ ਲਈ ਪੁਛਦੇ ਹਾਂ ਅਤੇ ਸਾਡੇ ਚਾਲ-ਚਲਣ ਅਤੇ ਜੀਵਨਾਂ ਨੂੰ ਘੁਮਾ ਕਿ ਉਸ ਦੇ ਵਚਨ ਅੰਦਰ ਠੀਕ ਹੋ ਜਾਣ। ਅਸੀਂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ।

**ਖੁਦਾ ਆਪਣੇ ਵਚਨ ਨੂੰ ਪੂਰਾ ਕਰਦਾ ਹੈ** PUN57-0120E

(God Keeps His Word)

ਇਹ ਸੰਦੇਸ਼ ਸਾਡੇ ਪਿਆਰੇ ਭਾਈ ਵਿਲੀਅਮ ਮੈਰਿਯਨ ਬ੍ਰਾਨਹਮ ਦੁਆਰਾ, ਅਸਲ ਵਿੱਚ ਅੰਗ੍ਰੇਜੀ ਵਿੱਚ ਐਤਵਾਰ ਸ਼ਾਮ, ਜਨਵਰੀ 20, 1957, ਨੂੰ ਜੈਫਰਸਨ ਵਿਲੇ ਇੰਡਿਆਨਾ ਯੂ.ਐਸ.ਏ. ਬ੍ਰਾਨਹਮ ਟੇਬਰਨਕਲ ਵਿੱਚ ਦਿੱਤਾ ਗਿਆ, ਅਤੇ ਟੇਪ ਰਿਕਾਰਡਿੰਗ ਵਿਚੋਂ ਬੋਲੇ ਹੋਏ ਵਚਨ ਨੂੰ ਅੰਗ੍ਰੇਜੀ ਲਿਖਤੀ ਵਚਨ ਵਿੱਚ ਪ੍ਰਿੰਟ ਕੀਤਾ ਗਿਆ। ਇਹ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਕਰਕੇ ਵੋਇਸ ਆਫ ਗੋਡ ਰਿਕਾਰਡਿੰਗ ਵੱਲੋਂ ਪ੍ਰਿੰਟ ਕੀਤਾ ਗਿਆ ਅਤੇ ਵੰਡਿਆ ਗਿਆ ਹੈ।

PUNJABI

©2020 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

# ਕਾਪੀਰਾਈਟ ਨੋਟਸਿ

ਸਾਰੇ ਹੱਕ ਰਾਖਵੇਂ ਹਨ । ਇਹ ਕਤਿਾਬ ਨਜਿੀ ਵਰਤੋਂ ਜਾਂ ਯਸਿੂ ਮਸੀਹ ਦੇ ਸੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਟਿੰਰ ਤੇ ਛਾਪੀ ਜਾ ਸਕਦੀ ਹੈ । ਇਹ ਕਤਿਾਬ ਵੋਇਸ ਆਫ ਗੋਡ ਰਕਿਾਰਡਗਿੰਜ® ਵਲੋਂ ਲਖਿਤੀ ਇਜਾਜ਼ਤ ਦੇ ਬਨਿਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਸਿੇ ਵੈਬਸਾਈਟ ਤੇ ਪੋਸਟ, ਕਸਿੇ ਰੀਟਰੀਵਲ ਸਸਿਟਮ ਤੇ ਸਟੋਰ, ਕਸਿੇ ਹੋਰ ਭਾਸ਼ਾ ਵਚਿ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ । ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਰਿਪਾ ਕਰੇ ਸੰਪਰਕ ਕਰੋ:



Voice Of God Recordings
P.O. Box 950, Jeffersonville, Indiana 47131 U.S.A.
www.branham.org